


ਸੱਚ ਤੇ ਨਿਡਰ ਆਵਾਜ਼

ਰੋਜ਼ਾਨਾ


# ਲੋਕ ਬਾਣੀ

DAILY LOKBANI JALANDHAR

ਮੁੱਖ ਸੰਪਾਦਕ : ਅਮਨਦੀਪ ਮਹਿਰਾ

ਬੁੱਧਵਾਰ, 25 ਫਰਵਰੀ 2025

Email:- lokbani08@gmail.com




R. N. I. Punpun/29016/2008 ✶ ਸਾਲ 16 , ✶ ਅੰਕ : 252 ✶ ਮੁੱਲ : 6 ਰੁਪਏ ✶ ਕੁੱਲ ਪੇਜ: 10 ✶ ਦਫਤਰ : 0181–2211009 ✶ M : 99155-94111




## ‘ਯੂਕਰੇਨ ਵਿੱਚ ਜੰਗ ਖ਼ਤਮ ਕਰਨਾ ਰੂਸ ਦੇ ਫਾਇਦੇ ਵਿੱਚ ਹੈ’: ਟਰੰਪ



ਵਾਸ਼ਿੰਗਟਨ ਲੋਕ ਬਾਣੀ- ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਯੂਕਰੇਨ ਵਿਰੁੱਧ ਜੰਗ ਨੂੰ ਖਤਮ ਕਰਨ ਅਤੇ ਸਮਝੌਤਾ ਕਰਨਾ ਰੂਸ ਦੇ ਫਾਇਦੇ ਵਿਚ ਹੈ ਅਤੇ ਉਨ੍ਹਾਂ ਨੂੰ ਲੱਗਦਾ ਹੈ ਕਿ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਇਕ ਸਮਝੌਤਾ ਕਰਨਾ ਚਾਹੁੰਦੇ ਹਨ। ਉਨ੍ਹਾਂ ਸੰਯੁਕਤ ਨਿਊਜ਼ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ, ਫਰਾਂਸ ਦੇ ਇਮੈਨੁਅਲ ਮੈਕਰੋਨ ਨੇ ਜੰਗ ਨੂੰ ਖਤਮ ਕਰਨ ਲਈ ਕਿਸੇ ਵੀ ਗੱਲਬਾਤ ਸਮਝੌਤੇ ਵਿੱਚ ਸੁਰੱਖਿਆ ਗਾਰੰਟੀ ਦੀ ਮਹੱਤਤਾ ’ਤੇ ਜ਼ੋਰ ਦਿੱਤਾ।

## ਹਾਈਓ ਦੇ ਗਵਰਨਰ ਦੀ ਚੋਣ ਲੜ ਸਕਦੇ ਨੇ ਵਿਵੇਕ ਰਾਮਾਸਵਾਮੀ



ਕੋਲੰਬਸ (ਅਮਰੀਕਾ), ਲੋਕ ਬਾਣੀ- ਅਮਰੀਕਾ ਵਿੱਚ ਭਾਰਤੀ ਮੂਲ ਦੇ ਉੱਦਮੀ ਵਿਵੇਕ ਰਾਮਾਸਵਾਮੀ ਵੱਲੋਂ ਓਹਾਈਓ ਦੇ ਗਵਰਨਰ ਦੇ ਅਹੁਦੇ ਲਈ ਆਪਣੀ ਨਾਮਜ਼ਦਗੀ ਦਾਖ਼ਲ ਕਰਨ ਦੀ ਉਮੀਦ ਹੈ। ਸਿਨਸਿਨਾਟੀ ਵਿੱਚ ਜਨਮੇ ਬਾਇਓਟੈੱਕ ਉੱਦਮੀ ਰਾਮਾਸਵਾਮੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਕਾਰਜਕਾਲ ਦੇ ਪਹਿਲੇ ਦਿਨ ਸਰਕਾਰੀ ਲਾਗਤ ਕਟੌਤੀ ਵਿਭਾਗ ਤੋਂ ਲਾਂਭੇ ਹੋ ਗਏ ਸਨ। ਰਾਮਾਸਵਾਮੀ (39) ਸਿਨਸਿਨਾਟੀ ਵਿੱਚ ਆਪਣੀ ਮੁਹਿੰਮ ਸ਼ੁਰੂ ਕਰਨ ਲਈ ਤਿਆਰ ਹਨ। ਉਹ ਰਿਪਬਲਿਕਨ ਪਾਰਟੀ ਦੀ ਮੁੱਢਲੀ ਚੋਣ ਵਿੱਚ ਹਿੱਸਾ ਲੈਣਗੇ। ਰਾਮਾਸਵਾਮੀ 2024 ਦੀਆਂ ਰਾਸ਼ਟਰਪਤੀ ਚੋਣਾਂ ਵਿੱਚ ਰਿਪਬਲਿਕਨ ਪਾਰਟੀ ਵੱਲੋਂ ਉਮੀਦਵਾਰੀ ਦੀ ਦੌੜ ਵਿੱਚ ਸ਼ਾਮਲ ਸਨ।

## 1984 ਸਿੱਖ ਵਿਰੋਧੀ ਦੰਗੇ: ਸੱਜਣ ਕੁਮਾਰ ਨੂੰ ਉਮਰ ਕੈਦ ਦੀ ਸਜ਼ਾ



ਨਵੀਂ ਦਿੱਲੀ, ਲੋਕ ਬਾਣੀ-ਦਿੱਲੀ ਦੀ ਇੱਕ ਅਦਾਲਤ ਨੇ ਮੰਗਲਵਾਰ ਨੂੰ 1984 ਦੇ ਸਿੱਖ ਵਿਰੋਧੀ ਦੰਗਿਆਂ ਨਾਲ ਸਬੰਧਤ ਇੱਕ ਕਤਲ ਕੇਸ ਵਿੱਚ ਸਾਬਕਾ ਕਾਂਗਰਸੀ ਸੰਸਦ ਮੈਂਬਰ ਸੱਜਣ ਕੁਮਾਰ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਵਿਸ਼ੇਸ਼ ਜੱਜ ਕਾਵੇਰੀ ਬਵੇਜਾ ਨੇ 1 ਨਵੰਬਰ 1984 ਨੂੰ ਜਸਵੰਤ ਸਿੰਘ ਅਤੇ ਉਸ ਦੇ ਪੁੱਤਰ ਤਰੁਣਦੀਪ ਸਿੰਘ ਦੀ ਹੱਤਿਆ ਦੇ ਕੇਸ ਵਿਚ ਫੈਸਲਾ ਸੁਣਾਇਆ। ਸ਼ਿਕਾਇਤਕਰਤਾ ਜਸਵੰਤ ਦੀ ਪਤਨੀ ਅਤੇ ਇਸਤਗਾਸਾ ਪੱਖ ਨੇ ਕੁਮਾਰ ਲਈ ਮੌਤ ਦੀ ਸਜ਼ਾ ਦੀ ਮੰਗ ਕੀਤੀ ਸੀ।


## CBSE ਸਾਲ ਵਿਚ ਦੋ ਵਾਰ ਲਏਗੀ 10ਵੀਂ ਦੀਆਂ ਬੋਰਡ ਪ੍ਰੀਖਿਆਵਾਂ, ਖਰੜਾ ਨੇਮਾਂ ਨੂੰ ਮਨਜ਼ੂਰੀ




ਨਵੀਂ ਦਿੱਲੀ, ਲੋਕ ਬਾਣੀ- CBSE ਨੇ ਸਾਲ 2026 ਤੋਂ ਦਸਵੀਂ ਦੀਆਂ ਬੋਰਡ ਪ੍ਰੀਖਿਆਵਾਂ ਸਾਲ ਵਿਚ ਦੋ ਵਾਰ ਕਰਵਾਉਣ ਸਬੰਧੀ ਨੇਮਾਂ ਦੇ ਖਰੜੇ ਨੂੰ ਮਨਜ਼ੂਰੀ ਦੇ ਦਿੱਤੀ ਹੈ। ਅਧਿਕਾਰੀਆਂ ਨੇ ਕਿਹਾ ਕਿ ਨੇਮਾਂ ਦਾ ਇਹ ਖਰੜਾ ਲੋਕਾਂ ਲਈ ਉਪਲਬਧ ਹੈ ਤੇ ਸਾਰੇ ਸਬੰਧਤ ਭਾਈਵਾਲ ਆਪਣੇ ਸੁਝਾਅ ਤੇ ਇਤਰਾਜ਼ 9 ਮਾਰਚ ਤੱਕ ਦੇ ਸਕਦੇ ਹਨ, ਜਿਸ ਮਗਰੋਂ ਇਸ ਬਾਰੇ ਨੀਤੀ ਨੂੰ ਅੰਤਿਮ ਰੂਪ ਦਿੱਤਾ ਜਾਵੇਗਾ।

ਖਰੜਾ ਨੇਮਾਂ ਮੁਤਾਬਕ ਪ੍ਰੀਖਿਆਵਾਂ ਦਾ ਪਹਿਲਾ ਗੇੜ 17 ਫਰਵਰੀ ਤੋਂ 6 ਮਾਰਚ ਤੱਕ ਹੋਵੇਗਾ ਜਦੋਂਕਿ ਦੂਜੇ ਗੇੜ ਵਿਚ 5 ਤੋਂ 20 ਮਈ ਤੱਕ ਪ੍ਰੀਖਿਆਵਾਂ ਲਈਆਂ ਜਾਣਗੀਆਂ।

## ਦਿੱਲੀ ਦਾ ਦੇਵੇਂਦਰ ਬਰਲੇਵਾਰ ਪੰਜ ਗੁਰਦਿਆਂ ਨਾਲ ਜਿਉਂ ਰਿਹੈ ਜ਼ਿੰਦਗੀ



ਨਵੀਂ ਦਿੱਲੀ, ਲੋਕ ਬਾਣੀ ਇੱਥੇ ਨਿੱਜੀ ਹਸਪਤਾਲ ਵਿੱਚ 47 ਸਾਲਾ ਵਿਅਕਤੀ ਦਾ ਤੀਜੀ ਵਾਰ ਗੁਰਦਾ ਟਰਾਂਸਪਲਾਂਟ ਕੀਤਾ ਗਿਆ ਹੈ ਤੇ ਉਸ ਦੇ ਸਰੀਰ ਵਿੱਚ ਇਕ ਦੋ ਨਹੀਂ ਬਲਕਿ ਕੁੱਲ ਪੰਜ ਗੁਰਦੇ ਹਨ। ਹਾਲਾਂਕਿ ਇਨ੍ਹਾਂ ਵਿਚੋਂ ਸਿਰਫ਼ ਇਕ ਹੀ ਕੰਮ ਕਰਦਾ ਹੈ। ਡਾਕਟਰਾਂ ਨੇ ਕਿਹਾ ਕਿ ਤੀਜੇ ਦਾਨ ਕੀਤੇ ਗੁਰਦੇ ਨੂੰ ਸੱਜੇ ਪਾਸੇ ਉਸ ਦੇ ਆਪਣੇ ਅਤੇ ਹੋਰਨਾਂ ਟਰਾਂਸਪਲਾਂਟ ਕੀਤੇ ਗੁਰਦਿਆਂ ਦੇ ਵਿਚਾਲੇ ਰੱਖਿਆ ਗਿਆ ਹੈ। ਫ਼ਰੀਦਾਬਾਦ ਦੇ ਅੰਮ੍ਰਿਤਾ ਹਸਪਤਾਲ ਵਿੱਚ ਦੇਵੇਂਦਰ ਬਰਲੇਵਾਰ, ਜੋ ਪਿਛਲੇ 15 ਸਾਲਾਂ ਤੋਂ ਗੁਰਦੇ ਦੀ ਪੁਰਾਣੀ ਬਿਮਾਰੀ ਨਾਲ ਜੂਝ ਰਿਹਾ ਹੈ,

## ਮਾਡਰਨ ਜੇਲ੍ਹ ਚ ਬੰਦ ਇਕ ਹਵਾਲਾਤੀ ਦੀ ਸਾਥੀ ਹਵਾਲਾਤੀਆਂ ਵਲੋਂ ਕੁੱਟਮਾਰ




ਕਪੂਰਥਲਾ, ਲੋਕ ਬਾਣੀ- ਮਾਡਰਨ ਜੇਲ੍ਹ ਵਿਚ ਬੰਦ ਹਵਾਲਾਤੀ ਨਾਲ ਕੁੱਟਕਾਰ ਕਰਨ ਦੇ ਮਾਮਲੇ ਸਬੰਧੀ ਜ਼ਖ਼ਮੀ ਹਵਾਲਾਤੀ ਨੂੰ ਇਲਾਜ ਲਈ ਸਿਵਲ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ। ਜ਼ੇਰੇ ਇਲਾਜ ਪਰਮਜੀਤ ਸਿੰਘ ਵਾਸੀ ਰਾਏਪੁਰ ਗੁੱਜਰਾਂ ਨੇ ਦੱਸਿਆ ਕਿ ਉਹ ਕੇਂਦਰੀ ਜੇਲ੍ਹ ਵਿਚ ਹਵਾਲਾਤੀ ਵਜੋਂ ਬੰਦ ਹੈ ਤੇ ਕੰਟੀਨ ਵਿਚ ਕੰਮ ਕਰਦਾ ਹੈ। ਪੀੜਤ ਹਵਾਲਾਤੀ ਅਨੁਸਾਰ ਜਦੋਂ ਉਸ ਨੇ ਕੰਟੀਨ ਬੰਦ ਕੀਤੀ ਤਾਂ 4-5 ਹਵਾਲਾਤੀਆਂ ਨੇ ਉਸ ਨੂੰ ਕੰਟੀਨ ਤੋਂ ਬਾਹਰ ਆਉਂਦੇ ਸਮੇਂ ਘੇਰ ਲਿਆ ਤੇ ਉਸ ਦੀ ਕੁੱਟਮਾਰ ਕਰਕੇ ਉਸ ਨੂੰ ਜ਼ਖ਼ਮੀ ਕਰ ਦਿੱਤਾ,

## ਪੰਜਾਬ ਅਸੈਂਬਲੀ ’ਚ ਹੰਗਾਮਾ; ਖੇਤੀ ਮੰਡੀ ਨੀਤੀ ਦੇ ਖਰੜੇ ਖਿਲਾਫ਼ ਮਤਾ ਸਦਨ ਵਿਚ ਪਾਸ



ਚੰਡੀਗੜ੍ਹ, ਲੋਕ ਬਾਣੀ-ਪੰਜਾਬ ਅਸੈਂਬਲੀ ਦੇ ਦੋ ਦਿਨਾ ਵਿਸ਼ੇਸ਼ ਇਜਲਾਸ ਦੇ ਦੂਜੇ ਦਿਨ ਵਿਧਾਨ ਸਭਾ ਵਿਚ ਹੰਗਾਮਾ ਦੇਖਣ ਨੂੰ ਮਿਲਿਆ। ਕਾਂਗਰਸ ਨੇ ‘ਆਪ’ ਸਰਕਾਰ ਤੋਂ ਭ੍ਰਿਸ਼ਟਾਚਾਰ ਦੇ ਦੋਸ਼ਾਂ ਬਾਰੇ ਜਵਾਬ ਮੰਗਿਆ। ਇਸ ਦੌਰਾਨ ਪੰਜਾਬ ਸਰਕਾਰ ਨੇ ਵਿਧਾਨ ਸਭਾ ਵਿੱਚ ਕੇਂਦਰ ਸਰਕਾਰ ਦੇ ਕੌਮੀ ਖੇਤੀ ਮੰਡੀ ਨੀਤੀ ਦੇ ਡਰਾਫਟ ਖਿਲਾਫ ਪੇਸ਼ ਮਤਾ ਪਾਸ ਕਰ ਦਿੱਤਾ ਹੈ। ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਮਤਾ ਸਦਨ ਵਿਚ ਰੱਖਿਆ, ਜਿਸ ਨੂੰ ਸਦਨ ਨੇ ਸਰਬਸੰਮਤੀ ਨਾਲ ਪਾਸ ਕੀਤਾ। ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਖਰੜੇ ਨੂੰ ਰਾਜਾਂ ਦੇ ਅਧਿਕਾਰਾਂ ਵਿੱਚ ਦਖਲ ਦੱਸਿਆ ਜਦੋਂਕਿ ਸਦਨ ਨੇ ਕਿਸਾਨੀ ਖਿਲਾਫ ਸਾਜ਼ਿਸ਼ ਦੱਸਿਆ। ਇਸ ਮੌਕੇ ਭਾਜਪਾ ਵਿਧਾਇਕ ਗੈਰਹਾਜ਼ਰ ਰਹੇ।

## ਮੌਤ ਦਾ ਸਰਟੀਫਿਕੇਟ ਜਾਰੀ ਕਰਨ ਬਦਲੇ ਰਿਸ਼ਵਤ ਲੈਂਦਾ ਸਿਵਲ ਸਰਜਨ ਦਫਤਰ ਦਾ ਮੁਲਾਜ਼ਮ ਕਾਬੂ



ਗੁਰਦਾਸਪੁਰ, ਲੋਕ ਬਾਣੀ --ਮੌਤ ਦਾ ਸਰਟੀਫਿਕੇਟ ਜਾਰੀ ਕਰਨ ਬਦਲੇ 30 ਹਜ਼ਾਰ ਰੁਪਏ ਦੀ ਰਿਸ਼ਵਤ ਲੈਂਦੇ ਸਿਵਲ ਸਰਜਨ ਦਫਤਰ ਦੇ ਵਾਰਡ ਅਟੈਂਡੈਂਟ ਰਵਿੰਦਰ ਪਾਲ ਸਿੰਘ ਨੂੰ ਵਿਜੀਲੈਂਸ ਵਿਭਾਗ ਵਲੋਂ ਰੰਗੇ ਹੱਥੀਂ ਕਾਬੂ ਕੀਤਾ ਗਿਆ। ਜਾਣਕਾਰੀ ਦਿੰਦਿਆਂ ਵਿਜੀਲੈਂਸ ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ ਪਿੰਡ ਫੂਲਕੇ ਦੇ ਰਹਿਣ ਵਾਲੇ ਸ਼ਿਕਾਇਤਕਰਤਾ ਵਲੋਂ ਵਿਜੀਲੈਂਸ ਵਿਭਾਗ ਨੂੰ ਇਹ ਸ਼ਿਕਾਇਤ ਕੀਤੀ ਗਈ ਸੀ ਕਿ ਉਸ ਵਲੋਂ ਆਪਣੇ ਚਾਚੇ ਦੀ ਮੌਤ ਦਾ ਸਰਟੀਫਿਕੇਟ ਬਣਵਾਉਣ ਲਈ ਅਰਜ਼ੀ ਦਿੱਤੀ ਗਈ ਸੀ, ਜਿਸ ਦੇ ਬਦਲੇ ਵਿਚ ਉਕਤ ਮੁਲਾਜ਼ਮ ਵਲੋਂ 30 ਹਜ਼ਾਰ ਰੁਪਏ ਦੀ ਮੰਗ ਕੀਤੀ ਜਾ ਰਹੀ ਹੈ,




ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਪੁਲਿਸ ਮੁਲਾਜ਼ਮਾਂ ਲਈ 10,000 ਰੁਪਏ ਰਿਸ਼ਵਤ ਲੈਣ ਵਾਲਾ ਇੱਕ ਆਮ ਵਿਅਕਤੀ ਵਿਜੀਲੈਂਸ ਬਿਊਰੋ ਵੱਲੋਂ ਗ੍ਰਿਫ਼ਤਾਰ

ਚੰਡੀਗੜ੍ਹ, (ਲੋਕ ਬਾਣੀ) ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਜ਼ਿਲ੍ਹਾ ਸੰਗਰੂਰ ਦੇ ਪਿੰਡ ਝਾੜੋਂ ਦੇ ਵਸਨੀਕ ਇੱਕ ਆਮ ਵਿਅਕਤੀ ਹਰਪ੍ਰੀਤ ਸਿੰਘ ਨੂੰ ਪੁਲਿਸ ਮੁਲਾਜ਼ਮਾਂ ਖਾਤਰ 10000 ਰੁਪਏ ਰਿਸ਼ਵਤ ਮੰਗਣ ਅਤੇ ਲੈਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਹੈ।




ਅੱਜ ਇੱਥੇ ਇਹ ਖੁਲਾਸਾ ਕਰਦਿਆਂ ਵਿਜੀਲੈਂਸ ਬਿਊਰੋ ਦੇ ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਮੁਲਜ਼ਮ ਨੂੰ ਮੁੱਖ ਮੰਤਰੀ ਦੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ ਤੇ ਇੱਕ ਔਰਤ ਦੁਆਰਾ ਦਰਜ ਕਰਵਾਈ ਗਈ ਔਨਲਾਈਨ ਸ਼ਿਕਾਇਤ ਦੀ ਜਾਂਚ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਇਸ ਸ਼ਿਕਾਇਤ ਦੀ ਜਾਂਚ ਦੌਰਾਨ ਇਹ ਪਾਇਆ ਗਿਆ ਕਿ ਮੁਲਜ਼ਮ ਹਰਪ੍ਰੀਤ ਸਿੰਘ ਨੇ ਸੰਗਰੂਰ ਜ਼ਿਲ੍ਹੇ ਦੇ ਥਾਣਾ ਚੀਮਾ ਵਿਖੇ ਦਰਜ ਇੱਕ ਪੁਲਿਸ ਕੇਸ ਵਿੱਚ ਸ਼ਿਕਾਇਤਕਰਤਾ ਤੇ ਉਸਦੇ ਪਰਿਵਾਰਕ ਮੈਂਬਰਾਂ ਦੀ ਮੱਦਦ ਕਰਨ ਬਦਲੇ ਥਾਣੇਦਾਰ (ਐਸਐਚਓ) ਅਤੇ ਜਾਂਚ ਅਧਿਕਾਰੀ ਜਸਬੀਰ ਸਿੰਘ, ਸਹਾਇਕ ਸਬ ਇੰਸਪੈਕਟਰ (ਏਐਸਆਈ) ਵੱਲੋਂ ਸ਼ਿਕਾਇਤਕਰਤਾ ਤੋਂ 60,000 ਰੁਪਏ ਦੀ ਰਿਸ਼ਵਤ ਮੰਗੀ ਸੀ। ਇਹ ਵੀ ਸਿੱਧ ਹੋਇਆ ਕਿ ਉਕਤ ਮੁਲਜ਼ਮ ਸ਼ਿਕਾਇਤਕਰਤਾ ਤੋਂ ਪਹਿਲਾਂ ਹੀ ਉਕਤ ਪੁਲਿਸ ਮੁਲਾਜ਼ਮਾਂ ਲਈ 10,000 ਰੁਪਏ ਲੈ ਚੁੱਕਾ ਹੈ।

ਬੁਲਾਰੇ ਨੇ ਅੱਗੇ ਦੱਸਿਆ ਕਿ ਉਕਤ ਮੁਲਜ਼ਮ ਅਤੇ ਏਐਸਆਈ ਜਸਬੀਰ ਸਿੰਘ ਵਿਰੁੱਧ ਭ੍ਰਿਸ਼ਟਾਚਾਰ ਰੋਕਥਾਮ ਕਾਨੂੰਨ ਦੀ ਧਾਰਾ 7 ਅਤੇ 7 ਏ ਅਤੇ ਭਾਰਤੀ ਨਿਆਏ ਸੰਹਿਤਾ (ਬੀਐਨਐਸ) ਦੀ ਧਾਰਾ 61(2) ਤਹਿਤ ਬਿਊਰੋ ਦੇ ਥਾਣਾ ਪਟਿਆਲਾ ਰੇਂਜ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਮਾਮਲੇ ਦੀ ਅਗਲੇਰੀ ਜਾਂਚ ਦੌਰਾਨ ਸਬੰਧਤ ਐਸਐਚਓ ਦੀ ਭੂਮਿਕਾ ਦੀ ਜਾਂਚ ਕੀਤੀ ਜਾਵੇਗੀ।

# ਅਮਰੀਕਾ ਤੋਂ ਡਿਪੋਰਟ ਹੋ ਕੇ ਚਾਰ ਹੋਰ ਪੰਜਾਬੀ ਨੌਜਵਾਨ ਅੰਮ੍ਰਿਤਸਰ ਹਵਾਈ ਅੱਡੇ ਉਤੇ ਪੁੱਜੇ



(ਲੋਕ ਬਾਣੀ) ਅਮਰੀਕਾ ਤੋਂ ਉਥੇ ਗੈਰ-ਕਾਨੂੰਨੀ ਤੌਰ ਤੇ ਰਹਿ ਰਹੇ ਭਾਰਤੀਆਂ ਨੂੰ ਲਗਾਤਾਰ ਡਿਪੋਰਟ ਕੀਤਾ ਜਾ ਰਿਹਾ ਹੈ। ਇਹ ਸਿਲਸਿਲਾ ਐਤਵਾਰ ਨੂੰ ਵੀ ਜਾਰੀ ਰਿਹਾ। ਇੱਕ ਜਹਾਜ਼ ਐਤਵਾਰ ਸ਼ਾਮ ਨੂੰ ਅੰਮ੍ਰਿਤਸਰ ਹਵਾਈ ਅੱਡੇ ਤੇ ਉਤਰਿਆ। ਜਿਸ ਵਿੱਚ ਅਮਰੀਕਾ ਤੋਂ ਡਿਪੋਰਟ ਕੀਤੇ ਪੰਜਾਬ ਦੇ ਚਾਰ ਨੌਜਵਾਨ ਸਨ। ਜਿਨ੍ਹਾਂ ਵਿੱਚੋਂ ਇੱਕ ਬਟਾਲਾ, ਇੱਕ ਗੁਰਦਾਸਪੁਰ, ਇੱਕ ਜਲੰਧਰ ਅਤੇ ਇੱਕ ਪਟਿਆਲ਼ਾ ਦਾ ਹੈ।

ਇਸ ਵਾਰ ਅਮਰੀਕਾ ਨੇ ਉਨ੍ਹਾਂ ਨੂੰ ਵਿਸ਼ੇਸ਼ ਜਹਾਜ਼ ਰਾਹੀਂ ਨਹੀਂ ਸਗੋਂ ਆਮ ਜਹਾਜ਼ ਰਾਹੀਂ ਭੇਜਿਆ ਹੈ। ਭਾਰਤੀ ਸੁਰੱਖਿਆ ਏਜੰਸੀ ਦੇ ਅਧਿਕਾਰੀ ਇਨ੍ਹਾਂ ਸਾਰਿਆਂ ਤੋਂ ਪੁੱਛਗਿੱਛ ਕਰ ਰਹੇ ਹਨ। ਐਤਵਾਰ ਨੂੰ ਇਕ ਜਹਾਜ਼ ਗੁਪਤ ਰੂਪ ਨਾਲ ਦਿੱਲੀ ਦੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ਤੇ ਪਹੁੰਚਿਆ। ਜਿੱਥੋਂ ਇੰਡੀਗੋ ਦੀ ਫਲਾਈਟ ਵਿੱਚ ਚਾਰਾਂ ਨੂੰ ਅੰਮ੍ਰਿਤਸਰ ਭੇਜਿਆ ਗਿਆ। ਇਨ੍ਹਾਂ ਵਿੱਚ ਮੌਜੂਦ ਚਾਰੇ ਯਾਤਰੀ ਪੰਜਾਬ ਦੇ ਹੀ ਹਨ। ਜਿਸ ਵਿੱਚ 2 ਯਾਤਰੀ ਬਟਾਲਾ, ਇੱਕ ਪਟਿਆਲਾ ਅਤੇ ਇੱਕ ਜਲੰਧਰ ਤੋਂ ਹੈ।

ਫਿਲਹਾਲ ਇਨ੍ਹਾਂ ਚਾਰਾਂ ਯਾਤਰੀਆਂ ਨੂੰ ਪੰਜਾਬ ਪੁਲਿਸ ਨੇ ਆਪਣੀ ਹਿਰਾਸਤ ਚ ਲੈ ਲਿਆ ਹੈ ਅਤੇ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਪੁੱਛਗਿੱਛ ਤੋਂ ਬਾਅਦ ਪੰਜਾਬ ਪੁਲਿਸ ਇਨ੍ਹਾਂ ਨੌਜਵਾਨਾਂ ਨੂੰ ਉਨ੍ਹਾਂ ਦੇ ਘਰ ਛੱਡ ਦੇਵੇਗੀ।

# ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਮੈਂਬਰਸ਼ਿਪ ਮੁੱਦੇ ’ਤੇ ਲੋਕ ਸਭਾ ਸਪੀਕਰ ਵਲੋਂ ਕਮੇਟੀ ਦਾ ਗਠਨ



(ਲੋਕ ਬਾਣੀ) ਭਾਰਤ ਸਰਕਾਰ ਨੇ ਖਡੂਰ ਸਾਹਿਬ ਦੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਮੈਂਬਰਸ਼ਿਪ ਅਤੇ ਸੈਸ਼ਨ ਤੋਂ ਗੈਰ ਹਾਜ਼ਰੀ ਦੇ ਮੁੱਦੇ ’ਤੇ ਇਕ ਕਮੇਟੀ ਬਣਾਈ ਹੈ। ਲੋਕ ਸਭਾ ਸਪੀਕਰ ਵਲੋਂ ਬਣਾਈ ਗਈ ਇਸ ਕਮੇਟੀ ਨੂੰ ਮਾਮਲੇ ਦੀ ਸਮੀਖਿਆ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਸੰਸਦ ਮੈਂਬਰ ਅੰਮ੍ਰਿਤਪਾਲ ਵਲੋਂ ਸਦਨ ਵਿਚ ਸ਼ਾਮਿਲ ਹੋਣ ਦੀ ਮੰਗ ਕਰਨ ਵਾਲੀ ਪਟੀਸ਼ਨ ’ਤੇ ਪੰਜਾਬ-ਹਰਿਆਣਾ ਹਾਈ ਕੋਰਟ ਨੇ ਕੇਂਦਰ ਸਰਕਾਰ ਤੋਂ ਪੁੱਛਿਆ ਸੀ ਕਿ ਕੀ ਸੰਸਦ ਮੈਂਬਰਾਂ ਦੀ ਛੁੱਟੀ ਮਨਜ਼ੂਰ ਕਰਨ ਲਈ ਕੋਈ ਕਮੇਟੀ ਬਣਾਈ ਗਈ ਹੈ ਜਾਂ ਨਹੀਂ। ਇਸ ਸੰਬੰਧੀ ਡਿਵੀਜ਼ਨ ਬੈਂਚ ਨੇ ਐਡੀਸ਼ਨਲ ਸਾਲਿਸਟਰ ਜਨਰਲ ਸੱਤਿਆ ਪਾਲ ਜੈਨ ਨੂੰ ਹਦਾਇਤਾਂ ਲੈਣ ਅਤੇ 25 ਫਰਵਰੀ ਨੂੰ ਅਦਾਲਤ ਨੂੰ ਸੂਚਿਤ ਕਰਨ ਲਈ ਕਿਹਾ ਗਿਆ ਸੀ। ਖਡੂਰ ਸਾਹਿਬ ਦੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨੇ ਲੋਕ ਸਭਾ ਦੀ ਕਾਰਵਾਈ ਵਿਚ ਹਿੱਸਾ ਲੈਣ ਦੀ ਇਜਾਜ਼ਤ ਮੰਗਣ ਲਈ ਪਟੀਸ਼ਨ ਦਾਇਰ ਕੀਤੀ ਸੀ। ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ ਉਹ 2023 ਤੋਂ ਰਾਸ਼ਟਰੀ ਸੁਰੱਖਿਆ ਐਕਟ ਤਹਿਤ ਅਸਾਮ ਵਿਚ ਨਜ਼ਰਬੰਦ ਹੈ। ਅੰਮ੍ਰਿਤਸਪਾਲ ਦੇ ਵਕੀਲ ਨੇ ਕਿਹਾ ਕਿ ਉਸ ਨੇ ਛੁੱਟੀ ਲਈ ਅਰਜ਼ੀ ਦਿੱਤੀ ਸੀ ਪਰ ਅਜੇ ਤੱਕ ਇਸ ਬਾਰੇ ਕਿਸੇ ਫੈਸਲੇ ਬਾਰੇ ਸੂਚਿਤ ਨਹੀਂ ਕੀਤਾ ਗਿਆ ਸੀ। ਇਸ ਤੋਂ ਇਲਾਵਾ, ਅੰਮ੍ਰਿਤਪਾਲ ਸਿੰਘ ਨੇ ਆਪਣੀ ਪਟੀਸ਼ਨ ਵਿਚ ਇਹ ਵੀ ਮੰਗ ਕੀਤੀ ਸੀ ਕਿ ਉਸ ਨੂੰ ਐਮ.ਪੀ. ਲੋਕਲ ਏਰੀਆ ਡਿਵੈਲਪਮੈਂਟ ਸਕੀਮ ਤਹਿਤ ਅਧਿਕਾਰੀਆਂ ਅਤੇ ਮੰਤਰੀਆਂ ਨਾਲ ਮੀਟਿੰਗਾਂ ਵਿਚ ਸ਼ਾਮਿਲ ਹੋਣ ਦੀ ਇਜਾਜ਼ਤ ਦਿੱਤੀ ਜਾਵੇ।

# ਕਿਸਾਨ ਆਗੂ ਪੰਧੇਰ ਨੇ 25 ਮਾਰਚ ਨੂੰ ਕਿਸਾਨਾਂ ਦਾ ਜੱਥਾ ਦਿੱਲੀ ਕੂਚ ਕਰਨ ਦਾ ਐਲਾਨ



ਅੰਮ੍ਰਿਤਸਰ : (ਲੋਕ ਬਾਣੀ) ਪਿਛਲੇ ਦਿਨੀ ਕਿਸਾਨਾਂ ਦੀ ਕੇਂਦਰ ਦੇ ਮੰਤਰੀਆਂ ਨਾਲ ਚੰਡੀਗੜ੍ਹ ਵਿਖੇ ਹੋਈ ਮੀਟਿੰਗ ਤੋਂ ਬਾਅਦ ਅੱਜ ਅੰਮ੍ਰਿਤਸਰ ਵਿੱਚ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਜਨਰਲ ਸਕੱਤਰ ਸਰਵਨ ਸਿੰਘ ਪੰਧੇਰ ਵੱਲੋਂ ਅੰਮ੍ਰਿਤਸਰ ਦੇ ਵਿੱਚ ਪ੍ਰੈਸ ਕਾਨਫਰੰਸ ਕੀਤੀ ਗਈ । ਉਨ੍ਹਾਂ ਨੇ ਕਿਹਾ ਕਿ ਕਿਸਾਨਾਂ ਦਾ ਜੱਥਾ ਪਹਿਲਾਂ 20 ਮਾਰਚ ਨੂੰ ਦਿੱਲੀ ਲਈ ਰਵਾਨਾ ਹੋਣਾ ਸੀ ਲੇਕਿਨ ਹੁਣ ਇਹ ਜੱਥਾ 25 ਮਾਰਚ ਨੂੰ ਦਿੱਲੀ ਲਈ ਰਵਾਨਾ ਹੋਵੇਗਾ । ਇਸ ਦੇ ਨਾਲ ਹੀ ਉਹਨਾਂ ਨੇ ਬੋਲਦੇ ਹੋਏ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਕਿਸਾਨਾਂ ਵੱਲੋਂ 12 ਮੰਗਾਂ ਦਾ ਮੰਗ ਪੱਤਰ ਭੇਜਿਆ ਗਿਆ ਹੈ।

# ਸਰਕਾਰੀ ਮੁਲਾਜ਼ਮ ਵਿਧਵਾ ਔਰਤ ਤੋਂ 20000 ਰੁਪਏ ਰਿਸ਼ਵਤ ਲੈਂਦਾ ਗ੍ਰਿਫਤਾਰ

ਚੰਡੀਗੜ੍ਹ (ਲੋਕ ਬਾਣੀ)
ਪੰਜਾਬ ਵਿਜੀਲੈਂਸ ਬਿਊਰੋ ਨੇ ਰਾਜ ਵਿਚ ਚਲਾਈ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਤਹਿਤ ਐਤਵਾਰ ਨੂੰ ਨਗਰ ਕੌਂਸਲ ਮਲੋਟ, ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਵਿਚ ਤਾਇਨਾਤ ਕਲਰਕ ਸੁਰੇਸ਼ ਕੁਮਾਰ ਨੂੰ ਇਕ ਗਰੀਬ ਵਿਧਵਾ ਕੋਲੋਂ 20,000 ਰੁਪਏ ਦੀ ਰਿਸ਼ਵਤ ਲੈਂਦੇ ਹੋਏ ਗ੍ਰਿਫ਼ਤਾਰ ਕੀਤਾ ਹੈ।
ਇਸ ਸੰਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਮਲੋਟ ਸ਼ਹਿਰ ਨਿਵਾਸੀ ਇੱਕ ਵਿਧਵਾ ਔਰਤ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।
ਉਨਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਨਾਲ ਸੰਪਰਕ ਕਰਕੇ ਦੋਸ਼ ਲਗਾਇਆ ਕਿ ਪ੍ਰਧਾਨ ਮੰਤਰੀ ਆਵਾਸ ਯੋਜਨਾ (ਸ਼ਹਿਰੀ) ਮਿਸ਼ਨ ਤਹਿਤ ਉਸ ਦਾ ਘਰ ਬਣਾਉਣ ਲਈ ਰਕਮ ਮਨਜ਼ੂਰ ਕਰਵਾਉਣ ਬਦਲੇ ਉਕਤ ਕਲਰਕ ਨੇ 50,000 ਰੁਪਏ ਦੀ ਰਿਸ਼ਵਤ ਮੰਗੀ ਹੈ ਪਰ ਉਸ ਵੱਲੋਂ ਜ਼ੋਰ ਪਾਉਣ ਤੋਂ ਬਾਅਦ ਉਕਤ ਵਿਅਕਤੀ ਇਹ ਰਕਮ ਕਿਸ਼ਤਾਂ ਵਿੱਚ ਲੈਣ ਲਈ ਸਹਿਮਤ ਹੋ ਗਿਆ ਹੈ।
ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਅਤੇ ਉਕਤ ਮੁਲਾਜ਼ਮ ਨੂੰ ਸ਼ਿਕਾਇਤਕਰਤਾ ਦੇ ਘਰੋਂ 20,000 ਰੁਪਏ ਦੀ ਪਹਿਲੀ ਕਿਸ਼ਤ ਲੈਂਦੇ ਹੋਏ ਰੰਗੇ ਹੱਥੀਂ ਫੜ ਲਿਆ। ਬਿਊਰੋ ਦੀ ਟੀਮ ਨੇ ਦੋ ਸਰਕਾਰੀ ਗਵਾਹਾਂ ਦੀ ਮੌਜੂਦਗੀ ਵਿੱਚ ਉਕਤ ਮੁਲਜ਼ਮ ਕੋਲੋਂ ਰਿਸ਼ਵਤ ਦੀ ਰਕਮ ਮੌਕੇ 'ਤੇ ਹੀ ਬਰਾਮਦ ਕਰ ਲਈ।
ਇਸ ਸਬੰਧੀ ਵਿਜੀਲੈਂਸ ਬਿਊਰੋ ਦੇ ਫਿਰੋਜ਼ਪੁਰ ਰੇਂਜ ਥਾਣੇ ਵਿੱਚ ਭ੍ਰਿਸ਼ਟਾਚਾਰ ਰੋਕਥਾਮ ਕਾਨੂੰਨ ਅਧੀਨ ਕੇਸ ਦਰਜ ਕਰ ਲਿਆ ਗਿਆ ਹੈ ਅਤੇ ਇਸ ਕੇਸ ਸਬੰਧੀ ਅਗਲੀ ਤਫ਼ਤੀਸ਼ ਜਾਰੀ ਹੈ।
ਬਿਊਰੋ ਨੇ ਦੁਹਰਾਇਆ ਕਿ ਉਹ ਰਾਜ 'ਚੋਂ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਖ਼ਤਮ ਕਰਨ ਲਈ ਵਚਨਬੱਧ ਹੈ ਅਤੇ ਲੋਕਾਂ ਨੂੰ ਅਪੀਲ ਕੀਤੀ ਕਿ ਕਿਸੇ ਵੀ ਸਰਕਾਰੀ ਅਧਿਕਾਰੀ ਜਾਂ ਕਰਮਚਾਰੀ ਵੱਲੋਂ ਰਿਸ਼ਵਤ ਦੀ ਮੰਗ ਕਰਨ 'ਤੇ ਮੁੱਖ ਮੰਤਰੀ ਦੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ ਦੇ ਵਟਸਐਪ ਨੰਬਰ 9501-200-200 'ਤੇ ਸ਼ਿਕਾਇਤ ਦਰਜ ਕਰਵਾਉਣ।
ਬੁਲਾਰੇ ਨੇ ਇਹ ਵੀ ਸਪੱਸ਼ਟ ਕੀਤਾ ਕਿ ਵਿਜੀਲੈਂਸ ਬਿਊਰੋ ਵੱਲੋਂ ਮਿਲੀਆਂ ਸਭ ਸ਼ਿਕਾਇਤਾਂ ਦੀ ਪੂਰੀ ਤਰ੍ਹਾਂ ਕਾਨੂੰਨੀ ਤਰੀਕੇ ਨਾਲ ਜਾਂਚ ਕੀਤੀ ਜਾਵੇਗੀ ਅਤੇ ਸਬੂਤ ਸਿੱਧ ਹੋਣ ਤੇ ਦੋਸ਼ੀ ਪਾਏ ਜਾਣ ਉਤੇ ਅਜਿਹੇ ਮੁਲਜ਼ਮਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਘਰ ਪੁੱਜੇ ਬਿਕਰਮ ਸਿੰਘ ਮਜੀਠੀਆ, ਬੰਦ ਕਮਰਾ ਹੋਈ ਮੀਟਿੰਗ



ਹੁਸ਼ਿਆਰਪੁਰ (ਲੋਕ ਬਾਣੀ) -ਬੀਤੇ ਦਿਨੀਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੇ ਅਹੁਦੇ ਤੋਂ ਦਿੱਤੇ ਗਏ ਅਸਤੀਫੇ ਤੋਂ ਬਾਅਦ ਅੱਜ ਹੁਸ਼ਿਆਰਪੁਰ ਚ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਘਰ ਬਿਕਰਮ ਸਿੰਘ ਮਜੀਠੀਆ ਪਹੁੰਚੇ। ਜਿੱਥੇ ਬੰਦ ਕਮਰੇ ਵਿਚ ਮੀਟਿੰਗ ਕੀਤੀ ਗਈ ਹੈ।ਮੀਡੀਆ ਨਾਲ ਗੱਲਬਾਤ ਕਰਦਿਆਂ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਹਰਜਿੰਦਰ ਸਿੰਘ ਧਾਮੀ ਉਨ੍ਹਾਂ ਦੇ ਪਰਿਵਾਰ ਦੇ ਮੈਂਬਰ ਹਨ। ਉਨ੍ਹਾਂ ਨਾਲ ਮੁਲਾਕਾਤ ਕਰਨ ਲਈ ਹੀ ਉਹ ਹੁਸ਼ਿਆਰਪੁਰ ਪਹੁੰਚੇ ਸਨ। ਇਸ ਨਾਲ ਹੀ ਉਨ੍ਹਾਂ ਨੇ ਸੱਜਣ ਕੁਮਾਰ ਨੂੰ ਉਮਰਕੈਦ ਦੀ ਸਜ਼ਾ ਹੋਣ ਤੇ ਕਿਹਾ ਕਿ ਮਾਣਯੋਗ ਅਦਾਲਤ ਵਲੋਂ ਜੋ ਸਜ਼ਾ ਸੁਣਾਈ ਗਈ ਹੈ, ਉਹ ਉਸਦਾ ਸਵਾਗਤ ਕਰਦੇ ਹਨ। ਨਾਲ ਹੀ ਉਨ੍ਹਾਂ ਕਿਹਾ ਕਿ ਜੇਕਰ ਇਹ ਸ਼ਜ਼ਾ ਪਹਿਲਾਂ ਹੋ ਜਾਂਦੀ ਤਾਂ ਪੀੜਤਾਂ ਨੂੰ ਹੋਰ ਵੀ

# ਕੀ ਪੰਜਾਬ ਸਰਕਾਰ ਕਰੇਗੀ ਕੱਚੇ ਮੁਲਾਜ਼ਮਾਂ ਲਈ ਬਣੇ ਐਕਟ 'ਚ ਸੋਧ ?

ਟਾਂਡਾ (ਲੋਕ ਬਾਣੀ) ਡੈਮੋਕ੍ਰੇਟਿਕ ਜੰਗਲਾਤ ਮੁਲਾਜ਼ਮ ਯੂਨੀਅਨ ਪੰਜਾਬ ਮੰਡਲ ਦਸੂਹਾ ਵਲੋਂ ਕੱਚੇ ਵਰਕਰਾਂ ਦਾ ਵਫਦ ਵਿਧਾਇਕ ਉੜਮੁੜ ਜਸਵੀਰ ਸਿੰਘ ਰਾਜਾ ਗਿੱਲ ਰਾਹੀਂ ਮਾਣਯੋਗ ਮੁੱਖ ਮੰਤਰੀ ਪੰਜਾਬ ਨੂੰ ਮੰਗ ਪੱਤਰ ਸੌਂਪਿਆ ਗਿਆ।
ਮੰਡਲ ਪ੍ਰਧਾਨ ਜਗੀਰ ਸਿੰਘ ਅਤੇ ਸੀਨੀਅਰ ਮੀਤ ਪ੍ਰਧਾਨ ਮੰਡਲ ਦਸੂਹਾ ਮਹਿੰਦਰਪਾਲ ਜੀ ਨੇ ਮੰਗਾਂ ਸਬੰਧੀ ਵਿਧਾਇਕ ਸਾਹਿਬ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਜੰਗਲਾਤ ਵਿਭਾਗ ਪੰਜਾਬ ਅਧੀਨ ਪੰਜਾਬ ਦੇ ਹਜ਼ਾਰਾਂ ਕੱਚੇ ਕਾਮੇ ਪਿਛਲੇ 20-25 ਸਾਲਾਂ ਤੋਂ ਲਗਾਤਾਰ ਹੁਣ ਤੱਕ ਨਿਗੂਣੀ ਤਨਖਾਹਾਂ ਸਿਰਫ 10996 ਰੁਪਏ ਪ੍ਰਤੀ ਮਹੀਨਾ ਉਜਰਤਾਂ ਤੇ ਕੰਮ ਕਰਦੇ ਆਂ ਰਹੇ ਹਨ।
ਜਿਸ ਨਾਲ ਕਿ ਘਰ ਦਾ ਗੁਜ਼ਾਰਾ ਕਰਨਾ ਬਹੁਤ ਮੁਸ਼ਕਲ ਹੁੰਦਾ ਜਾ ਰਿਹਾ ਹੈ ਇਸ ਕਰਕੇ ਜਥੇਬੰਦੀ ਮੰਗ ਕਰਦੀ ਹੈ ਕਿ ਮਹਿਗਾਈ ਦਰ ਦੇ ਹਿਸਾਬ ਨਾਲ ਘੱਟ ਤੋਂ ਘੱਟ ਉਜਰਤ 26000 ਰੁਪਏ ਪ੍ਰਤੀ ਮਹੀਨਾ ਕੀਤੀ ਜਾਵੇ।
ਕੱਚੇ ਕਾਮਿਆਂ ਨੂੰ ਕੰਮ ਕਰਦੇ ਸਮੇਂ ਸੱਟ ਲੱਗ ਜਾਣ ਜਾ ਮੌਤ ਹੋ ਜਾਣ ਦੀ ਸੂਰਤ ਵਿੱਚ ਜੀਵਨ ਬੀਮਾ ਕੀਤਾ ਜਾਵੇ ਕਿਉਕਿ ਬਹੁਤ ਸਾਰੇ ਸਾਥੀ ਜੰਗਲਾਂ ਵਿੱਚ ਜਾ ਰੋਡ ਉਤੇ ਆਦਿ ਤੇ ਰੁੱਖਾਂ ਦੀ ਸਾਂਭ - ਸੰਭਾਲ ਕਰਦੇ, ਰੁੱਖਾਂ ਦੀ ਪਲਾਂਟੇਸ਼ਨ ਕਰਦੇ ਸਮੇਂ ਜਾ ਜੰਗਲੀ ਜੀਵਾਂ ਨੂੰ ਬਚਾਉਂਦੇ ਸਮੇ , ਕੋਈ ਸੱਪ ਜਾਂ ਜੰਗਲੀ ਕੀੜਾ ਲੜ ਜਾਵੇ ਤਾਂ ਨਾ ਤਾਂ ਸਰਕਾਰ ਵਲੋ ਕੋਈ ਮਾਲੀ ਸਹਾਇਤਾ ਮਿਲਦੀ ਅਤੇ ਨਾ ਹੀ ਵਣ ਵਿਭਾਗ ਵੱਲੋਂ ਕਿਸੇ ਵੀ ਤਰ੍ਹਾਂ ਦੀ ਮਾਲੀ ਸਹਾਇਤਾ ਦਿੱਤੀ ਜਾਂਦੀ ਹੈ।
ਵਣ ਨਰਸਰੀਆਂ ਜਾ ਫੀਲਡ ਵਿੱਚ ਕੰਮ ਕਰਦੇ ਕਿਸੇ ਵੀ ਕੱਚੇ ਦਿਹਾੜੀਦਾਰ ਕਾਮਿਆਂ ਨੂੰ ਤਨਖਾਹਾਂ ਸਮੇਂ ਸਿਰ ਦਿੱਤੀਆਂ ਜਾਣ। ਪਾਲਿਸੀ



ਫਾਰ ਵੈਲਫੇਅਰ ਆਫ ਅਡਾਹਕ ਡੇਲੀਵੇਜ਼ ਵਰਕਚਾਰਜ ਟੈਂਪਰੇਰੀ ਇੰਪਲਾਈਜ ਐਕਟ 2023 ਵਿੱਚ ਸੋਧ ਕੀਤੀ ਜਾਵੇ।
ਕਿਉਕਿ ਇਸ ਐਕਟ ਦੇ ਮੁਤਾਬਿਕ ਬਹੁਤ ਸਾਰੇ ਘੱਟ ਪੜੇ ਲਿਖੇ ਅਤੇ ਨੌਕਰੀ ਵਿੱਚ ਲਗਾਤਾਰਤਾ ਨਾ ਹੋਣ ਵਾਲੇ ਕਾਮਿਆਂ ਨੂੰ ਇਸ ਐਕਟ ਤੋਂ ਕੋਈ ਲਾਭ ਨਹੀਂ ਮਿਲਦਾ।
ਇਸ ਲਈ ਯੂਨੀਅਨ ਦੀ ਮੰਗ ਹੈ ਕਿ ਇਸ ਐਕਟ ਵਿੱਚ ਸੋਧ ਕੀਤੀ ਜਾਵੇ ਅਤੇ ਪਹਿਲਾਂ ਪੱਕੇ ਕੀਤੇ ਦਰਜਾ ਚਾਰ ਮੁਲਾਜ਼ਮਾਂ ਵਾਂਗ ਨੌਕਰੀ ਦੀ ਸੇਵਾ ਮੁਕਤੀ ਦੀ ਉਮਰ 58 ਸਾਲ ਤੋਂ ਵਧਾ ਕੇ 60 ਸਾਲ ਕੀਤਾ ਜਾਵੇ। ਘੱਟ ਤੋਂ ਘੱਟ ਉਜਰਤ ਕਾਨੂੰਨ ਵਿੱਚ ਸੋਧ ਕੀਤੀ ਜਾਵੇ।
ਵਫਦ ਨੇ ਵਿਧਾਇਕ ਤੋਂ ਮੰਗ ਕੀਤੀ ਕਿ ਓਹ ਉਨ੍ਹਾਂ ਦੀਆਂ ਮੰਗਾਂ ਨੂੰ ਆਉਂਦੇ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਵਿੱਚ ਜ਼ਰੂਰ ਚੁੱਕਣ। ਵਿਧਾਇਕ ਸਾਹਿਬ ਨੇ ਵਫਦ ਨੂੰ ਵਿਸ਼ਵਾਸ ਦਿਵਾਇਆ ਕਿ ਓਹ ਉਨ੍ਹਾਂ ਦੀਆਂ ਮੰਗਾਂ ਨੂੰ ਸਰਕਾਰ ਤੱਕ ਜ਼ਰੂਰ ਪਹੁੰਚਾਉਣਗੇ।
ਇਸ ਮੌਕੇ ਮੰਡਲ ਪ੍ਰਧਾਨ ਜਗੀਰ ਸਿੰਘ ਚਾਂਗ ਬਸੋਆ, ਜਰਨਲ ਸਕੱਤਰ ਵਰਿੰਦਰ ਕੁਮਾਰ ਅਸ਼ਰਫਪੁਰ, ਸੀਨੀਅਰ ਮੀਤ ਪ੍ਰਧਾਨ ਮਹਿੰਦਰਪਾਲ ਜੋਗੀਆਨਾ, ਪ੍ਰੈਸ ਸਕੱਤਰ ਸ਼ਿਵ ਦਿਆਲ ਪੰਡੋਰੀ ਬੈਂਸਾਂ ਤੇ ਲਵਪ੍ਰੀਤ ਸਿੰਘ ਬੋਦਲ, ਰੇਂਜ ਪ੍ਰਧਾਨ ਬਡਲਾ ਰਾਜੀਵ ਕੁਮਾਰ ਸੰਸਾਰਪੁਰ, ਜਰਨਲ ਸਕੱਤਰ ਲਖਵੀਰ ਸਿੰਘ ਰਾਘੋਵਾਲ, ਸਰਜੀਵਨ ਸਿੰਘ, ਮਲਕੀਤ ਸਿੰਘ ਪਵੇ ਇੰਗੜ ਹਾਜ਼ਰ ਸਨ।

# ਪੰਜਾਬ 'ਚ ਸਵਾਈਨ ਫਲੂ ਦਾ ਕਹਿਰ, ਮਿਲੇ ਨਵੇਂ ਕੇਸ



, ਚੰਡੀਗੜ੍ਹ -:(ਲੋਕ ਬਾਣੀ)
ਪੰਜਾਬ ਦੇ ਵਿੱਚ ਇੱਕ ਵਾਰ ਫਿਰ ਸਵਾਈਨ ਫਲੂ ਦੀ ਦਹਿਸ਼ਤ ਵੇਖਣ ਨੂੰ ਮਿਲੀ ਹੈ ਬਠਿੰਡਾ ਤੇ ਦੋ ਪਿੰਡਾਂ ਵਿੱਚ ਦੋ ਕੇਸ ਸਾਹਮਣੇ ਆਏ ਹਨ। ਜਿਸ ਤੋਂ ਬਾਅਦ ਸਿਹਤ ਵਿਭਾਗ ਦੇ ਵੱਲੋਂ ਅਲਰਟ ਜਾਰੀ ਕਰ ਦਿੱਤਾ ਗਿਆ ਹੈ ਅਤੇ ਵੱਖ-ਵੱਖ ਪਿੰਡਾਂ ਵਿੱਚ ਚੈਕਿੰਗ ਮੁਹਿੰਮ ਅਤੇ ਟੈਸਟਿੰਗ ਮੁਹਿੰਮ ਚਲਾ ਦਿੱਤੀ ਗਈ ਹੈ।
ਜਾਣਕਾਰੀ ਦੇ ਮੁਤਾਬਿਕ ਬਠਿੰਡਾ ਦੇ ਭੁੱਚੋ ਮੰਡੀ ਅਤੇ ਭੁੱਚੋ ਖੁਰਦ ਵਿੱਚ ਇੱਕ ਇੱਕ ਕੇਸ ਸਵਾਈਨ ਫਲੂ ਦਾ ਮਿਲਿਆ ਹੈ।
ਦੋਵਾਂ ਮਰੀਜ਼ਾਂ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ ਅਤੇ ਦੋਵਾਂ ਦੇ ਟੈਸਟਿੰਗ ਦੌਰਾਨ ਉਨ੍ਹਾਂ ਵਿੱਚ ਸਵਾਇਨ ਫਲੂ ਦੀ ਪੁਸ਼ਟੀ ਹੋਈ ਹੈ।
ਸਿਵਲ ਸਰਜਨ ਬਠਿੰਡਾ ਡਾਕਟਰ ਗੁਰਜੀਤ ਸਿੰਘ ਨੇ ਦੱਸਿਆ ਕਿ ਬਠਿੰਡਾ ਵਿੱਚ ਦੋ ਮਰੀਜ਼ ਸਵਾਈਨ ਫਲੂ ਨਾਲ ਪੀੜਤ ਪਾਏ ਗਏ ਹਨ ਜਿਨਾਂ ਦਾ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ, ਦੋਵੇਂ ਖਤਰੇ ਤੋਂ ਬਾਹਰ ਹਨ।

# ਜੀਡੀਆਰ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਵਿੱਚ ਛੋਟੇ ਬੱਚਿਆਂ ਨੂੰ ਦਿੱਤਾ ਪਲੇਅ ਸਟੇਸ਼ਨ ਦਾ ਸਰਵੋਤਮ ਤੋਹਫ਼ਾ

ਫਗਵਾੜਾ ( ਸੁਸ਼ੀਲ ਸ਼ਰਮਾ) ਜੀਡੀਆਰ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ, ਹੁਸ਼ਿਆਰਪੁਰ ਰੋਡ ਫਗਵਾੜਾ ਵਿੱਚ ਨਵੇਂ ਸੈਸ਼ਨ ਦੀ ਸ਼ੁਰੂਆਤ ਤੋਂ ਪਹਿਲਾਂ ਛੋਟੇ ਬੱਚਿਆਂ ਨੂੰ ਪਲੇਅ ਸਟੇਸ਼ਨ ਦਾ ਇੱਕ ਸਰਵੋਤਮ ਤੋਹਫ਼ਾ ਦਿੱਤਾ ਗਿਆ ਸਕੂਲ ਪ੍ਰਿੰਸੀਪਲ ਮੈਡਮ ਮਾਧਵੀ ਨੇ ਬੱਚਿਆਂ ਅਤੇ ਸਟਾਫ ਦੇ ਨਾਲ ਰਿਬਨ ਕੱਟਦੇ ਹੋਏ ਇਸ ਪਲੇਅ ਸਟੇਸ਼ਨ ਦਾ ਉਦਘਾਟਨ ਕੀਤਾ ਸਕੂਲ ਪ੍ਰਿੰਸੀਪਲ ਮੈਡਮ ਮਾਧਵੀ ਜੀ ਨੇ ਕਿਹਾ ਕਿ ਇਹ ਪਲੇਅ ਸਟੇਸ਼ਨ, ਜੋ ਵਿਦਿਆਰਥੀਆਂ ਦੇ ਵੱਡੇ ਸਮੂਹ ਨੂੰ ਵਿਵਸਥਿਤ ਕਰਦਾ ਹੈ, ਸਭ ਤੋਂ ਸੁਰੱਖਿਅਤ ਅਤੇ ਸਭ ਤੋਂ ਵਧੀਆ ਹੈ ਨੌਜਵਾਨ ਬੱਚਿਆਂ ਦੇ ਵਿਕਾਸ ਲਈ ਲੋੜੀਂਦੀਆਂ ਸਾਰੀਆਂ ਮੋਟਰ ਕੌਸ਼ਲਾਂ ਦੇ ਹੁਨਰਾਂ ਨੂੰ ਬਿਹਤਰ ਬਣਾਉਣ ਲਈ ਇਸ ਨਵੇਂ ਪਲੇਅ ਸਟੇਸ਼ਨ ਵਿੱਚ ਸਾਰੇ ਅਭਿਆਸ ਮੌਜੂਦ ਹਨ । ਸਿੱਖਣ ਦੇ ਤਜ਼ੁਰਬੇ ਨੂੰ ਮਜ਼ੇਦਾਰ ਬਣਾਉਣ ਲਈ ਜੀਡੀਆਰ ਸਕੂਲ ਦੀਆਂ ਕੋਸ਼ਿਸ਼ਾਂ ਉਸ ਵੇਲੇ ਸਪੱਸ਼ਟ ਹੋ ਗਈਆਂ ਜਦੋਂ ਉਤਸ਼ਾਹ ਨਾਲ ਭਰੇ ਹੋਏ ਸਾਰੇ ਬੱਚਿਆਂ ਨੂੰ ਨਵੇਂ ਪਲੇਅ ਸਟੇਸ਼ਨ ਦਾ ਅਨੰਦ ਲੈਂਦੇ ਹੋਏ ਵੇਖਿਆ ਗਿਆ ਆਧੁਨਿਕ ਸਵਿੰਗ ਬੱਚਿਆਂ ਦੀ ਕਾਰਜਸ਼ੀਲਤਾ ਨੂੰ ਵਧਾ ਰਹੇ ਹਨ ਅਤੇ ਉਨ੍ਹਾਂ ਵਿੱਚ ਖੇਡਾਂ ਦੀ ਭਾਵਨਾ ਵਧਾਉਣ ਦਾ ਕੰਮ ਕਰ ਰਹੇ ਹਨ । ਬੱਚਿਆਂ ਦੀਆਂ ਅੱਖਾਂ ਦੀ ਰੌਸ਼ਨੀ ਦੀ ਰੱਖਿਆ ਲਈ, ਉਨ੍ਹਾਂ ਨੂੰ ਮੋਬਾਈਲ ਤੋਂ ਦੂਰ ਰੱਖਣ ਲਈ ਆਧੁਨਿਕ ਖੇਡਾਂ, ਝੂਲੇ ਅਤੇ ਕਸਰਤ ਦੇ ਉਪਕਰਨ ਉਨ੍ਹਾਂ ਦੇ ਸਰੀਰਕ ਵਿਕਾਸ ਲਈ ਇੱਕ ਚੰਗਾ ਵਿਕਲਪ ਦਿੰਦੀਆਂ ਹਨ । ਪ੍ਰਿੰਸੀਪਲ ਮੈਡਮ ਮਾਧਵੀ ਨੇ ਕਿਹਾ ਕਿ ਜਦੋਂ ਬੱਚੇ ਖੇਡ ਦੇ ਮੈਦਾਨ ਵਿੱਚ ਗਤੀਵਿਧੀਆਂ ਵਿੱਚ ਸ਼ਾਮਲ ਹੁੰਦੇ ਹਨ, ਤਾਂ ਉਹ ਬਹੁਤ ਉਤਸ਼ਾਹਤ, ਬੇਫ਼ਿਕਰ ਅਤੇ ਊਰਜਾਵਾਨ ਹੁੰਦੇ ਹਨ । ਇਹ ਉਨ੍ਹਾਂ ਵਿੱਚ ਕੀਮਤੀ ਕੁਸ਼ਲਤਾਵਾਂ ਜਿਵੇਂ ਕਿ ਕਲਪਨਾ, ਐਬਸਟ੍ਰੈਕਟ ਸੋਚ, ਹਮਦਰਦੀ, ਪ੍ਰੋਬਲਮ ਸੋਲਵਿੰਗ, ਵਿਸ਼ਵਾਸ ਅਤੇ ਭਾਸ਼ਾ ਹੁਨਰ ਪੈਦਾ ਕਰਦੇ ਹਨ ਇਨ੍ਹਾਂ ਲੋੜਾਂ ਨੂੰ ਧਿਆਨ ਵਿਚ ਰੱਖਦਿਆਂ ਇਹ ਪਲੇਅ ਸਟੇਸ਼ਨ ਨੂੰ ਲਗਾਇਆ ਗਿਆ ਹੈ ।





ਇਸ ਨਾਲ 3 ਸਾਲਾਂ ਤੋਂ 5 ਸਾਲ ਦੇ ਬੱਚਿਆਂ ਦੀਆਂ ਮੋਟਰ ਕੁਸ਼ਲਤਾਵਾਂ ਨੂੰ ਵਿਕਸਤ ਕੀਤਾ ਜਾਵੇਗਾ, ਅਤੇ ਉਨ੍ਹਾਂ ਨੂੰ ਰੋਜਾਨਾ ਜਿੰਦਗੀ ਵਿੱਚ ਕਰਨ ਵਾਲੇ ਮਹੱਤਵਪੂਰਣ ਕੰਮਾਂ ਵਿਚ ਮੁਸ਼ਕਲਾਂ ਨਹੀਂ ਹੁੰਦੀਆਂ ਹਨ । ਬੱਚਿਆਂ ਦੇ ਮਾਪਿਆਂ ਨੇ ਨਵੇਂ ਸੈਸ਼ਨ ਤੋਂ ਪਹਿਲਾਂ ਬੱਚਿਆਂ ਨੂੰ ਇਹ ਸਰਵੋਤਮ ਤੋਹਫ਼ਾ ਦੇਣ ਲਈ ਸਕੂਲ ਦੇ ਪ੍ਰਿੰਸੀਪਲ ਅਤੇ ਪ੍ਰਬੰਧਨ ਦਾ ਧੰਨਵਾਦ ਕੀਤਾ

# ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਫਗਵਾੜਾ ਵਿਖੇ ਨੈਸ਼ਨਲ ਸਾਇੰਸ ਡੇ ਮਨਾਇਆ ਗਿਆ




ਫਗਵਾੜਾ (ਸੁਸ਼ੀਲ ਸ਼ਰਮਾ )ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨੋਲੋਜੀ ਦੀਆਂ ਹਦਾਇਤਾਂ ਅਨੁਸਾਰ ਇਨਵਾਇਰਮੈਂਟ ਐਜੂਕੇਸ਼ਨ ਪ੍ਰੋਗਰਾਮ ਦੇ ਤਹਿਤ ਸਰਕਾਰੀ ਸਰਕਾਰੀ ਕੰਨਿਆ ਸਮਾਰਟ ਸਕੂਲ ਵਿਖੇ ਨੈਸ਼ਨਲ ਸਾਇੰਸ ਡੇ ਮਨਾਇਆ ਗਿਆ ।ਇਸ ਪ੍ਰੋਗਰਾਮ ਵਿਚ ਗਿਆਰਵੀਂ ਜਮਾਤ ਦੀ ਵਿਦਿਆਰਥਣ ਅਰਸ਼ ਨੇ ਡਾਕਟਰ ਸੀ .ਵੀ ਰਮਨ ਦੀ ਮਹਾਨ ਖੋਜ ਰਮਨ ਇਫੈਕਟ ਅਤੇ ਇਸ ਖੋਜ ਲਈ ਉਹਨਾਂ ਨੂੰ ਮਿਲੇ ਨੋਬਲ ਪ੍ਰਾਈਜ਼ ਬਾਰੇ ਜਾਣਕਾਰੀ ਦਿੱਤੀ । ਇਸ ਪ੍ਰੋਗਰਾਮ ਤਹਿਤ ਗਤੀਵਿਧੀਆਂ ਜਿਵੇਂ ਕਿ ਪੋਸਟਰ ਮੇਕਿੰਗ ਅਤੇ ਲੇਖ ਲੇਖਣ ਮੁਕਾਬਲੇ ਕਰਾਏ ਗਏ ਜਿਸ ਵਿੱਚ ਨੌਵੀਂ ਅਤੇ 11ਵੀਂ ਜਮਾਤ ਦੀਆਂ ਵਿਦਿਆਰਥਣਾਂ ਨੇ ਹਿੱਸਾ ਲਿਆ ।ਇਸ ਵਿੱਚ ਨੌਵੀਂ ਏ ਜਮਾਤ ਦੀ ਵਿਦਿਆਰਥਣ ਹਰਵੀਰ ਕੌਰ ਲੇਖ ਲਿਖਣ ਮੁਕਾਬਲੇ ਵਿੱਚ ਪਹਿਲੇ ਸਥਾਨ ਤੇ ਰਹੀ ਅਤੇ ਨੌਵੀਂ ਸੀ ਜਮਾਤ ਦੀ ਵਿਦਿਆਰਥਣ ਅੰਜਲੀ ਕੁਮਾਰੀ ਪੋਸਟਰ ਮੇਕਿੰਗ ਵਿੱਚੋਂ ਪਹਿਲੇ ਸਥਾਨ ਤੇ ਰਹੀ ਪ੍ਰਿੰਸੀਪਲ ਸ੍ਰੀਮਤੀ ਮੀਨੂ ਗੁਪਤਾ ਜੀ ਨੇ ਭਾਗ ਲੈਣ ਵਾਲੀਆਂ ਵਿਦਿਆਰਥਣਾਂ ਦੀ ਸਰਾਹਨਾ ਕੀਤੀ ਅਤੇ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀਆਂ ਵਿਦਿਆਰਥਣਾਂ ਨੂੰ ਇਨਾਮ ਦਿੱਤੇ ।ਪ੍ਰਿੰਸੀਪਲ ਸ੍ਰੀਮਤੀ ਮੀਨੂ ਗੁਪਤਾ ਜੀ ਨੇ ਵਿਦਿਆਰਥਣਾਂ ਨੂੰ ਰੋਜਾਨਾ ਜੀਵਨ ਵਿੱਚ ਸਾਇੰਸ ਦੀ ਮਹੱਤਤਾ ਬਾਰੇ ਦੱਸਿਆ ਅਤੇ ਸਾਇੰਸ ਵਿਸ਼ੇ ਵਿੱਚ ਰੁਚੀ ਵਧਾਉਣ ਲਈ ਪ੍ਰੋਤਸਾਹਿਤ ਕੀਤਾ ਇਸ ਪ੍ਰੋਗਰਾਮ ਦੇ ਦੌਰਾਨ ਸਾਇੰਸ ਮਿਸਟਰੈਸ ਸ੍ਰੀਮਤੀ ਨੀਰੂ ਸ਼ਰਮਾ, ਸ੍ਰੀਮਤੀ ਜੀਵਨ, ਸ੍ਰੀਮਤੀ ਸੁਚੀ ਰਾਜਪੂਤ ਕਮਿਸਟਰੀ ਲੈਕਚਰਾਰ ਸ੍ਰੀਮਤੀ ਸੁਮੇਧਾ ਅਤੇ ਸਮੂਹ ਸਟਾਫ ਹਾਜ਼ਰ ਸਨ

# ਕਾਸਮੈਟੋਲੋਜੀ ਵਿਭਾਗ ਨੇ ਬਿਊਟੀ ਇੰਡਸਟਰੀ ਦੇ ਤਹਿਤ ਵਿਦਿਆਰਥੀਆਂ ਲਈ ਪਲੈਨੇਟ ਸੀਜ਼ਰਸ ਸੈਲੂਨ ਦਾ ਟੂਰ ਆਯੋਜਿਤ ਕੀਤਾ









ਫਗਵਾੜਾ ( ਸੁਸ਼ੀਲ ਸ਼ਰਮਾ) ਕਮਲਾ ਨਹਿਰੂ ਕਾਲਜ ਫਾਰ ਵੂਮੈਨ, ਫਗਵਾੜਾ ਦੇ ਕਾਸਮੈਟੋਲੋਜੀ ਵਿਭਾਗ ਨੇ ਫਗਵਾੜਾ ਦੇ ਪਲੈਨੇਟ ਕੈਂਚੀ ਸੈਲੂਨ ਦਾ ਦੌਰਾ ਕੀਤਾ, ਜਿਸ ਨਾਲ ਵਿਦਿਆਰਥਣਾਂ ਨੂੰ ਸੁੰਦਰਤਾ ਉਦਯੋਗ ਵਿੱਚ ਕੀਮਤੀ ਵਿਹਾਰਕ ਅਨੁਭਵ ਪ੍ਰਦਾਨ ਕੀਤਾ ਗਿਆ।ਪਲੈਨੇਟ ਕੈਂਚੀ ਸੈਲੂਨ ਦੀ ਮਾਲਕ ਮੈਡਮ ਸ਼ੀਤਲ ਨੇ ਹਾਈਡ੍ਰਾ ਫੇਸ਼ੀਅਲ ਪ੍ਰਕਿਰਿਆ ਦਾ ਲਾਈਵ ਪ੍ਰਦਰਸ਼ਨ ਕੀਤਾ ਅਤੇ ਹਾਈਡ੍ਰਾ ਮਸ਼ੀਨ ਦੀ ਵਰਤੋਂ ਦੇ ਫਾਇਦਿਆਂ ਅਤੇ ਸਾਵਧਾਨੀਆਂ ਬਾਰੇ ਬਹੁਤ ਮੁਹਾਰਤ ਨਾਲ ਦੱਸਿਆ ਇਹ ਸੈਸ਼ਨ ਬਹੁਤ ਜਾਣਕਾਰੀ ਭਰਪੂਰ ਸੀ, ਜਿਸਨੇ ਵਿਦਿਆਰਥੀਆਂ ਨੂੰ ਆਧੁਨਿਕ ਚਮੜੀ ਦੇਖਭਾਲ ਦੇ ਇਲਾਜਾਂ ਅਤੇ ਤਕਨੀਕਾਂ ਨੂੰ ਸਮਝਣ ਵਿੱਚ ਮਦਦ ਕੀਤੀ ਤਕਨੀਕੀ ਗਿਆਨ ਤੋਂ ਇਲਾਵਾ, ਵਿਦਿਆਰਥੀਆਂ ਨੇ ਸੈਲੂਨ ਪ੍ਰਬੰਧਨ, ਕਲਾਇੰਟ ਪ੍ਰਬੰਧਨ ਅਤੇ ਪੇਸ਼ੇਵਰ ਨੈਤਿਕਤਾ ਬਾਰੇ ਵੀ ਗਿਆਨ ਪ੍ਰਾਪਤ ਕੀਤਾ, ਜੋ ਕਿ ਕਾਸਮੈਟੋਲੋਜੀ ਵਿੱਚ ਇੱਕ ਸਫਲ ਕਰੀਅਰ ਲਈ ਜ਼ਰੂਰੀ ਹਨ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਦੇ ਹੋਏ, ਕਾਲਜ ਪ੍ਰਿੰਸੀਪਲ ਡਾ. ਸਵਿੰਦਰ ਪਾਲ ਨੇ ਸੁੰਦਰਤਾ ਦੇ ਖੇਤਰ ਵਿੱਚ ਉੱਤਮਤਾ ਪ੍ਰਾਪਤ ਕਰਨ ਲਈ ਸੈਲੂਨ ਪ੍ਰਦਰਸ਼ਨ ਤਕਨੀਕਾਂ ਅਤੇ ਪ੍ਰਬੰਧਨ ਹੁਨਰ ਸਿੱਖਣ ਦੀ ਮਹੱਤਤਾ ਤੇ ਜ਼ੋਰ ਦਿੱਤਾ ਇਸ ਵਿਦਿਅਕ ਦੌਰੇ ਵਿੱਚ ਵਿਭਾਗ ਮੁਖੀ ਗੀਤਾ ਸ਼ਰਮਾ ਅਤੇ ਫੈਕਲਟੀ ਮੈਂਬਰਾਂ ਪਰਮਜੀਤ ਕੌਰ, ਹਿਮਾਂਸ਼ੀ ਅਤੇ ਦੀਪਸ਼ਿਖਾ ਸਮੇਤ ਕੁੱਲ 27 ਵਿਦਿਆਰਥਣਾਂ ਨੇ ਹਿੱਸਾ ਲਿਆ। ਇਹ ਤਜਰਬਾ ਭਰਪੂਰ ਸਾਬਤ ਹੋਇਆ, ਵਿਦਿਆਰਥੀਆਂ ਨੂੰ ਉਦਯੋਗ ਬਾਰੇ ਵਿਹਾਰਕ ਗਿਆਨ ਅਤੇ ਸੂਝ ਪ੍ਰਦਾਨ ਕੀਤੀ

# ਸਿਵਲ ਸਰਜਨ ਵਲੋਂ ਜ਼ਿਲੇ ਚ ਐਨ.ਸੀ.ਡੀ ਸੈੱਲ ਸਥਾਪਿਤ



ਕਪੂਰਥਲਾ/ ਫਗਵਾੜਾ ( ਸੁਸ਼ੀਲ ਸ਼ਰਮਾ ) ਅਜੋਕੇ ਸਮੇਂ ਦੀ ਗ਼ਲਤ ਜੀਵਨਸ਼ੈਲੀ ਕਰ ਕੇ ਘਟ ਉਮਰ ਵਿਚ ਹੀ ਲੋਕਾਂ ਨੂੰ ਸ਼ੂਗਰ,ਬਲੱਡ ਪ੍ਰੈਸ਼ਰ ਅਤੇ ਕੈਂਸਰ ਜਿਹੀਆਂ ਬਿਮਾਰੀਆਂ ਘੇਰ ਰਹੀਆਂ ਹਨ । ਇਹ ਸ਼ਬਦ ਸਿਵਲ ਸਰਜਨ ਕਪੂਰਥਲਾ ਡਾਕਟਰ ਰਿਚਾ ਭਾਟੀਆ ਨੇ ਪ੍ਰਗਟ ਕੀਤੇ । ਉਹਨਾਂ ਦਸਿਆ ਕਿ ਉਕਤ ਬਿਮਾਰੀਆਂ ਨੂੰ ਲੋਕ ਗੰਭੀਰਤਾ ਨਾਲ ਨਹੀਂ ਲੈਂਦੇ ਅਤੇ ਅੱਗੇ ਜਾ ਕੇ ਇਹ ਬਿਮਾਰੀਆਂ ਗੰਭੀਰ ਰੂਪ ਧਾਰਨ ਕਰ ਲੈਂਦੀਆਂ ਹਨ। ਸਮੇਂ ਸਿਰ ਉਕਤ ਬਿਮਾਰੀਆਂ ਦੀ ਪਛਾਣ ਕਰ ਸਹੀ ਇਲਾਜ ਲਈ ਜਾਗਰੂਕਤਾ ਫੈਲਾਉਣ ਲਈ ਸਿਹਤ ਵਿਭਾਗ ਵੱਲੋਂ ਇਕ ਮੁਹਿੰਮ ਵਿੱਢੀ ਜਾ ਰਹੀ ਹੈ। ਡਾਕਟਰ ਰਿਚਾ ਭਾਟੀਆ ਨੇ ਦਸਿਆ ਕਿ ਉਕਤ ਮੁਹਿੰਮ ਤਹਿਤ ਜਿਲ੍ਹੇ ਦੇ ਸਾਰੇ ਸਿਹਤ ਕੇਂਦਰਾਂ ਵਿੱਚ ਐਨ ਸੀ ਡੀ ਸੈੱਲ ਸਥਾਪਿਤ ਕੀਤੇ ਗਏ ਹਨ ਤੇ ਘਰ ਘਰ ਸਰਵੇ ਕਰਨ ਲਈ ਟੀਮਾਂ ਬਣਾਈਆਂ ਗਈਆਂ ਹਨ।

ਜਿਲਾ ਪਰਿਵਾਰ ਭਲਾਈ ਅਫ਼ਸਰ ਡਾਕਟਰ ਅਸ਼ੋਕ ਕੁਮਾਰ ਨੇ ਦੱਸਿਆ ਕਿ ਐਨ.ਸੀ.ਡੀ ਸੈੱਲ ਵਿਚ ਇਕ ਡਾਕਟਰ, ਫਾਰਮਾਸਿਸਟ ਤੋਂ ਇਲਾਵਾ ਇਕ ਪੈਰਾ ਮੈਡੀਕਲ ਸਟਾਫ਼ ਸ਼ਾਮਲ ਹੈ। ਇਹੀ ਨਹੀਂ ਫੀਲਡ ਸਟਾਫ਼ ਘਰ ਘਰ ਜਾ ਕੇ ਉਕਤ ਬਿਮਾਰੀਆਂ ਸੰਬਧੀ ਸਰਵੇ ਕਰੇਗਾ ਤੇ ਮਰੀਜ਼ਾਂ ਨੂੰ ਸਹੀ ਇਲਾਜ ਲਈ ਸਮੇਂ ਸਿਰ ਮਾਹਰ ਡਾਕਟਰ ਕੋਲ ਜਾਣ ਲਈ ਪ੍ਰੇਰਿਤ ਕਰੇਗਾ। ਸਿਵਲ ਸਰਜਨ ਡਾਕਟਰ ਰਿਚਾ ਭਾਟੀਆ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਟੀਮਾਂ ਦਾ ਸਹਯੋਗ ਕਰਨ ਤੇ ਜੇਕਰ ਕਿੱਸੇ ਨੂੰ ਸ਼ੂਗਰ,ਬਲੱਡ ਪ੍ਰੈਸੁਰ ਜਾਂ ਹੋਰ ਕੋਈ ਦਿੱਕਤ ਹੈ ਤਾਂ ਉਹ ਨੇੜੇ ਦੇ ਸਰਕਾਰੀ ਸਿਹਤ ਕੇਂਦਰ ਨਾਲ ਸੰਪਰਕ ਕਰਨ ਜਿੱਥੇ ਕਿ ਉਕਤ ਬਿਮਾਰੀਆਂ ਦੇ ਟੈਸਟ ਤੇ ਇਲਾਜ ਬਿਲਕੁਲ ਮੁਫ਼ਤ ਹੈ

# ਕਾਂਗਰਸ ਪਾਰਟੀ ਦੇ ਅਹੁਦੇਦਾਰਾਂ ਨੇ ਡੀ.ਸੀ. ਕਪੂਰਥਲਾ ਨੂੰ ਦਿੱਤਾ ਮੰਗ ਪੱਤਰ



ਫਗਵਾੜਾ ( ਸੁਸ਼ੀਲ ਸ਼ਰਮਾ ) ਕਾਂਗਰਸ ਪਾਰਟੀ ਦਾ ਇਕ ਵਫਦ ਅੱਜ ਜੀਆ ਲਾਲ ਨਾਹਰ ਪੰਜਾਬ ਕੋਆਰਡੀਨੇਟਰ ਐਸ.ਸੀ. ਵਿੰਗ, ਕਰਮਜੀਤ ਸਿੰਘ ਬਿੱਟੂ ਜਿਲ੍ਹਾ ਸਕੱਤਰ ਕਪੂਰਥਲਾ ਅਤੇ ਤੁਲਸੀ ਰਾਮ ਖੋਸਲਾ ਵਾਈਸ ਪ੍ਰਧਾਨ ਫਗਵਾੜਾ ਦੀ ਅਗਵਾਈ ਹੇਠ ਡਿਪਟੀ ਕਮਿਸ਼ਨਰ ਕਪੂਰਥਲਾ ਅਮਿਤ ਕੁਮਾਰ ਪੰਚਾਲ ਨੂੰ ਮਿਲਿਆ। ਵਫਦ ਵਿਚ ਸੀਨੀਅਰ ਆਗੂ ਹਰਵਿੰਦਰ ਸਿੰਘ ਵੀ ਸ਼ਾਮਲ ਸਨ। ਕਾਂਗਰਸੀ ਆਗੂਆਂ ਨੇ ਡੀ.ਸੀ. ਕਪੂਰਥਲਾ ਨੂੰ ਇਕ ਮੰਗ ਪੱਤਰ ਦਿੰਦਿਆਂ ਮੰਗ ਕੀਤੀ ਕਿ ਨਗਰ ਨਿਗਮ ਫਗਵਾੜਾ ਵਿੱਚ ਕਰੀਬ 12/15 ਸਾਲਾਂ ਤੋਂ ਠੇਕੇਦਾਰੀ ਸਿਸਟਮ ਤਹਿਤ ਕੰਮ ਕਰ ਰਹੇ ਮਾਲੀ, ਚੌਂਕੀਦਾਰ, ਸੇਵਾਦਾਰ ਤੇ ਕਲਰਕਾਂ ਨੂੰ ਡੀ.ਸੀ. ਰੇਟ ਮੁਤਾਬਕ ਤਨਖਾਹਾਂ ਦਾ ਭੁਗਤਾਨ ਕੀਤਾ ਜਾਵੇ। ਜਿਲ੍ਹਾ ਸਕੱਤਰ ਕਰਮਜੀਤ ਸਿੰਘ ਨੇ ਦੱਸਿਆ ਕਿ ਸਫਾਈ ਸੇਵਕ ਅਤੇ ਉਕਤ ਕਰਮਚਾਰੀ ਕਈ ਵਾਰ ਹੜਤਾਲਾਂ ਤੇ ਰੋਸ ਮੁਜਾਹਰੇ ਕਰ ਚੁੱਕੇ ਹਨ, ਉਕਤ ਮੰਗ ਨੂੰ ਲੈ ਕੇ ਧਰਨੇ ਵੀ ਲਗਾਏ ਗਏ ਹਨ, ਪਰ ਹਰ ਵਾਰ ਏ.ਡੀ.ਸੀ ਕਮ ਨਿਗਮ ਕਮਿਸ਼ਨਰ ਫਗਵਾੜਾ ਸਮੇਤ ਹੋਰ ਪ੍ਰਸ਼ਾਸ਼ਨਿਕ ਅਧਿਕਾਰੀ ਭਰੋਸਾ ਦੇ ਕੇ ਟਰਕਾ ਦਿੰਦੇ ਹਨ ਕਿ ਡੀ.ਸੀ ਰੇਟ ਕਰ ਦਿੱਤਾ ਜਾਵੇਗਾ। ਜੋ ਕਿ ਕਰਮਚਾਰੀਆਂ ਦੇ ਨਾਲ ਧੋਖਾ ਹੈ ਕਿਉਂਕਿ ਹੜਤਾਲ ਖਤਮ ਹੋਣ ਤੋਂ ਬਾਅਦ ਲਾਰੇ ਲਗਾ ਕੇ ਸਮਾਂ ਟਪਾਇਆ ਜਾਂਦਾ ਹੈ। ਉਹਨਾਂ ਨੇ ਦੱਸਿਆ ਕਿ ਪਿਛਲੀ ਵਾਰ ਜਦੋਂ ਫਗਵਾੜਾ ਕਾਰਪੋਰੇਸ਼ਨ ਚੋਣਾਂ ਤੋਂ ਪਹਿਲਾ ਕਰਮਚਾਰੀਆਂ ਨੇ ਹੜਤਾਲ ਅਤੇ ਧਰਨਾ ਪ੍ਰਦਰਸ਼ਨ ਕੀਤਾ ਸੀ ਤਾਂ ਵੀ ਨਿਗਮ ਕਮਿਸ਼ਨਰ ਅਤੇ ਹੋਰ ਸਬੰਧਤ ਅਧਿਕਾਰੀਆਂ ਵੱਲੋਂ ਭਰੋਸਾ ਦੁਆ ਕੇ ਹੜਤਾਲ ਖਤਮ ਕਰਵਾਈ ਗਈ ਸੀ ਕਿ ਚੋਣਾਂ ਤੋਂ ਬਾਅਦ ਤੁਰੰਤ ਡੀ.ਸੀ ਰੇਟ ਕਰ ਦਿੱਤਾ ਜਾਵੇਗਾ ਪਰ ਅਜੇ ਤੱਕ ਇਸ ਪਾਸੇ ਕੋਈ ਕਾਰਵਾਈ ਨਹੀਂ ਕੀਤੀ ਗਈ। ਜਿਸ ਕਰਕੇ ਕਰਮਚਾਰੀਆਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ ਅਤੇ ਨਿਗਮ ਸੇਵਾਦਾਰਾਂ ਨੂੰ ਦੁਬਾਰਾ ਹੜਤਾਲ ਲਈ ਮਜਬੂਰ ਕੀਤਾ ਜਾ ਰਿਹਾ ਹੈ। ਇਸ ਮੌਕੇ ਤੁਲਸੀ ਰਾਮ ਖੋਸਲਾ ਅਤੇ ਹੋਰਨਾਂ ਨੇ ਵੀ ਕਿਹਾ ਕਿ ਨਿਗਮ ਸੇਵਾਦਾਰਾਂ ਦੇ ਸੰਘਰਸ਼ ਵਿਚ ਕਾਂਗਰਸ ਪਾਰਟੀ ਉਹਨਾਂ ਦੇ ਨਾਲ ਡਟ ਕੇ ਖੜੀ ਰਹੇਗੀ।

# ਦਰਬਾਰ ਪੀਰ ਬਾਬਾ ਫ਼ਾਜ਼ਲ ਸ਼ਾਹ ਜੀ ਚੱਕ ਮੰਡੇਰ ਵਿਖੇ ਸਲਾਨਾ ਜੋੜ ਮੇਲਾ 1-2 ਮਾਰਚ ਨੂੰ




ਫਗਵਾੜਾ ( ਸੁਸ਼ੀਲ ਸ਼ਰਮਾ ) ਦਰਬਾਰ ਬਾਬਾ ਪੀਰ ਫ਼ਾਜ਼ਲ ਸ਼ਾਹ ਜੀ ਚੱਕ ਮੰਡੇਰ (ਐਸ ਬੀ ਐਸ ਨਗਰ ) ਦੇ ਗੱਦੀ ਨਸ਼ੀਨ ਬਾਬਾ ਲਾਲ ਸ਼ਾਹ ਜੀ ਦੀ ਰਹਿਨੁਮਾਈ ਅਤੇ ਮੁੱਖ ਸੇਵਾਦਾਰ ਸਾਹਿਲ ਬਸਰਾ ਦੀ ਸੁਚੱਜੀ ਦੇਖਰੇਖ ਹੇਠ ਸਲਾਨਾ ਜੋੜ ਮੇਲਾ ਮਿਤੀ 1-2 ਮਾਰਚ ਦਿਨ ਸ਼ਨੀਵਾਰ -ਐਤਵਾਰ ਨੂੰ ਡੇਰੇ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਕਰਵਾਇਆ ਜਾ ਰਿਹਾ ਹੈ ਇਸ ਸਬੰਧੀ ਜਾਣਕਾਰੀ ਦਿੰਦਿਆਂ ਡੇਰੇ ਦੇ ਗੱਦੀ ਨਸ਼ੀਨ ਬਾਬਾ ਲਾਲ ਸ਼ਾਹ ਜੀ ਨੇ ਦੱਸਿਆ ਕਿ 1-2 ਮਾਰਚ ਨੂੰ ਕਵਾਲ ਅਤੇ ਨਕਾਲ ਪਾਰਟੀਆਂ ਸ਼ਾਮ 5.00 ਵਜੇ ਹਾਜ਼ਰੀਆਂ ਭਰਨਗੇ ਇਸ ਮੌਕੇ ਗਾਇਕ ਰਾਹਤ ਅਲੀ ਮਲੇਰਕੋਟਲਾ ਵੀ ਅਪਣੀ ਹਾਜਰੀ ਲਗਵਾਉਣਗੇ ਇਸ ਸਲਾਨਾ ਜੋੜ ਮੇਲੇ ਚ ਦਰਬਾਰ ਦਾਤਾ ਅਲੀ ਅਹਿਮਦ ਸਾਬਰੀ ਸ਼ੀਲਾ ਮੰਹਤ ਸਾਬਰੀ ਬਾਬਾ ਅਸ਼ੋਕ ਸ਼ਾਹ ਕਾਦਰੀ ਦਰਬਾਰ ਭਗਤਪੁਰਾ ਡੇਰਾ ਮੁਖੀ ਹਾਜੀ ਜੋਤੀ ਮੰਹਤ ਗੱਦੀ ਨਸ਼ੀਨ , ਨੀਸ਼ਾ ਮੰਹਤ, ਗੋਰੀ ਮੰਹਤ, ਉਚੇਚੇ ਤੌਰ ਤੇ ਸ਼ਾਮਿਲ ਹੋਣਗੇ

# ਨਿਉ ਮੰਡੀ ਰੋਡ ਮਾਰਕੀਟ ਕਮੇਟੀ ਨੇ ਪਕੌੜਿਆਂ ਦੇ ਲੰਗਰ ਨਾਲ ਕੀਤਾ ਮਹਾਂਸ਼ਿਵਰਾਤਰੀ ਸ਼ੋਭਾ ਯਾਤਰਾ ਦਾ ਸਵਾਗਤ



ਫਗਵਾੜਾ ( ਸੁਸ਼ੀਲ ਸ਼ਰਮਾ ) ਨਿਊ ਮੰਡੀ ਰੋਡ ਮਾਰਕੀਟ ਕਮੇਟੀ ਨੇ ਮਹਾਂਸ਼ਿਵਰਾਤਰੀ ਸ਼ੋਭਾ ਯਾਤਰਾ ਮੌਕੇ ਕਮੇਟੀ ਪ੍ਰਧਾਨ ਗੁਰਦੀਪ ਸਿੰਘ ਕੰਗ ਦੀ ਅਗਵਾਈ ਹੇਠ ਪਕੌੜਿਆਂ ਦਾ ਲੰਗਰ ਲਗਾਇਆ। ਜਿਸਦਾ ਉਦਘਾਟਨ ਡੀ.ਐਸ.ਪੀ. ਫਗਵਾੜਾ ਭਾਰਤ ਭੂਸ਼ਣ ਵਲੋਂ ਕੀਤਾ ਗਿਆ। ਉਹਨਾਂ ਦੇ ਨਾਲ ਐਸ.ਐਚ.ਓ. ਸਿਟੀ ਅਮਨਦੀਪ ਨਾਹਰ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਗੁਰਦੀਪ ਸਿੰਘ ਕੰਗ ਅਤੇ ਪਤਵੰਤਿਆਂ ਨੇ ਸਾਰਿਆਂ ਨੂੰ ਮਹਾਂਸ਼ਿਵਰਾਤਰੀ ਦੇ ਤਿਉਹਾਰ ਦੀਆਂ ਸ਼ੁਭ ਇੱਛਾਵਾਂ ਦਿੱਤੀਆਂ ਅਤੇ ਕਿਹਾ ਕਿ ਸਾਨੂੰ ਆਪਣੇ ਧਾਰਮਿਕ ਤਿਉਹਾਰ ਰਲਮਿਲ ਕੇ ਮਨਾਉਣੇ ਚਾਹੀਦੇ ਹਨ ਅਤੇ ਆਪਸੀ ਭਾਈਚਾਰਾ ਮਜ਼ਬੂਤ ਰੱਖਣਾ ਚਾਹੀਦਾ ਹੈ। ਇਸ ਮੌਕੇ ਬਲਜੀਤ ਗੁਪਤਾ, ਸਾਹਿਲ ਕਲੂਚਾ, ਅਸ਼ਵਨੀ ਐਰੀ, ਹੈਪੀ ਮਲਹਨ, ਵਿਸ਼ਾਲ ਅਰੋੜਾ, ਰਜਿੰਦਰ ਸਿੰਘ, ਪਵਨ ਕਲੂਚਾ, ਸਤਵਿੰਦਰ ਸਿੰਘ ਭਮਰਾ, ਵਿੱਕੀ ਚੁੰਬਰ, ਅਨੂਪ ਦੁੱਗਲ, ਰਵੀ ਕੁਮਾਰ, ਭਰਤ ਐਰੀ, ਧਰਮਪਾਲ ਨਿਸ਼ਚਲ, ਸੁਰਿੰਦਰ ਛਾਬੜਾ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਇੰਪਰੂਵਮੈਂਟ ਟਰੱਸਟ ਫਗਵਾੜਾ ਦੇ ਟਰੱਸਟੀ ਦਾ ਅਹੁਦਾ ਲੈਣ ਤੋਂ ਅਸ਼ੋਕ ਭਾਟੀਆ ਨੇ ਕੀਤਾ ਇਨਕਾਰ



ਫਗਵਾੜਾ ( ਸੁਸ਼ੀਲ ਸ਼ਰਮਾ ) ਪੰਜਾਬ ਦੀ ਭਗਵੰਤ ਮਾਨ ਸਰਕਾਰ ਵਲੋਂ ਇੰਪਰੂਵਮੈਂਟ ਟਰੱਸਟ ਫਗਵਾੜਾ ਦੇ ਟਰੱਸਟੀ ਮੈਂਬਰ ਐਲਾਨੇ ਗਏ ਅਸ਼ੋਕ ਭਾਟੀਆ ਨੇ ਟਰੱਸਟੀ ਦਾ ਅਹੁਦਾ ਲੈਣ ਤੋਂ ਮਨਾ ਕਰ ਦਿੱਤਾ ਹੈ। ਅੱਜ ਇੱਥੇ ਗੱਲਬਾਤ ਦੌਰਾਨ ਉਹਨਾਂ ਕਿਹਾ ਕਿ ਨਿਗਮ ਦੀ ਚੇਅਰਮੈਨੀ ਜਰਨੈਲ ਨੰਗਲ ਨੂੰ ਮੁਬਾਰਕ ਹੋਵੇ ਅਤੇ ਪਾਰਟੀ ਨੇ ਜੋ ਮਾਣ ਉਹਨਾਂ ਨੂੰ ਟਰੱਸਟੀ ਬਣਾ ਕੇ ਦਿੱਤਾ ਹੈ, ਉਸਦਾ ਵੀ ਉਹ ਸਤਿਕਾਰ ਕਰਦੇ ਹਨ ਪਰ ਬਤੌਰ ਟਰੱਸਟੀ ਸੇਵਾ ਨਿਭਾਉਣ ਦੀ ਬਜਾਏ ਉਹ ਪਾਰਟੀ ਦੇ ਸਿਪਾਹੀ ਬਣ ਕੇ ਕੰਮ ਕਰਦੇ ਰਹਿਣਾ ਪਸੰਦ ਕਰਨਗੇ। ਜਿਕਰਯੋਗ ਹੈ ਕਿ ਅਸ਼ੋਕ ਭਾਟੀਆ ਆਮ ਆਦਮੀ ਪਾਰਟੀ ਜਿਲ੍ਹਾ ਕਪੂਰਥਲਾ ਦੇ ਮੌਜੂਦਾ ਸਕੱਤਰ ਹਨ ਅਤੇ ਉਹ ਟਕਸਾਲੀ ਆਪ ਆਗੂ ਹੋਣ ਦੇ ਨਾਲ ਹੀ ਅਗਲੀਆਂ ਵਿਧਾਨਸਭਾ ਚੋਣਾਂ ਦੌਰਾਨ ਟਿਕਟ ਦੇ ਮਜਬੂਤ ਦਾਅਵੇਦਾਰ ਵੀ ਹਨ। ਜਦਕਿ ਸੂਬਾ ਸਰਕਾਰ ਵਲੋਂ ਨਗਰ ਨਿਗਮ ਦੇ ਐਲਾਨੇ ਗਏ ਚੇਅਰਮੈਨ ਜਰਨੈਲ ਨੰਗਲ ਪਹਿਲਾਂ ਬਸਪਾ, ਕਾਂਗਰਸ ਅਤੇ ਲੋਕ ਇਨਸਾਫ ਪਾਰਟੀ ਦਾ ਸਫਰ ਤੈਅ ਕਰਕੇ ਆਪ ਪਾਰਟੀ ਵਿਚ ਸ਼ਾਮਲ ਹੋਏ ਸਨ। ਉਹਨਾਂ ਤੋਂ ਪਹਿਲਾਂ ਐਡਵੋਕੇਟ ਕਸ਼ਮੀਰ ਸਿੰਘ ਮੱਲ੍ਹੀ ਨਗਰ ਸੁਧਾਰ ਟਰੱਸਟ ਫਗਵਾੜਾ ਦੇ ਚੇਅਰਮੈਨ ਸੀ। ਜਿਹਨਾਂ ਦੀ ਜਗ੍ਹਾ ਹੁਣ ਅਚਾਨਕ ਜਰਨੈਲ ਨੰਗਲ ਨੂੰ ਚੇਅਰਮੈਨ ਦਾ ਅਹੁਦਾ ਦੇ ਦਿੱਤਾ ਗਿਆ ਹੈ। ਅਸ਼ੋਕ ਭਾਟੀਆ ਨੂੰ ਐਡਵੋਕੇਟ ਮੱਲ੍ਹੀ ਅਤੇ ਮਾਰਕਿਟ ਕਮੇਟੀ ਫਗਵਾੜਾ ਦੇ ਚੇਅਰਮੈਨ ਤਵਿੰਦਰ ਰਾਮ ਦਾ ਵੀ ਨਜਦੀਕੀ ਮੰਨਿਆ ਜਾਂਦਾ ਹੈ। ਜਦਕਿ ਜਰਨੈਲ ਨੰਗਲ ਦਾ ਆਪਣਾ ਵੱਖਰਾ ਗੁੱਟ ਹੈ।

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ । ਸੂਚਨਾਂ, ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜੰਮੇਵਾਰੀ ਨਹੀ ਲੈਂਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ । ਕਿ ਉਹ ਇੰਨਾ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀਕਰ ਲੈਣ।ਰੋਜ਼ਾਨਾਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀ । ਖਬਰਾਂ ਪ੍ਰਤੀ ਜਿੰਮੇਵਾਰੀ ਪੱਤਰਕਾਰ ਦੀ ਹੋਵੇਗੀ ।

Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com

# ਲਾਇਨਜ਼ ਕਲੱਬ ਫਗਵਾੜਾ ਸਰਵਿਸ ਨੇ ਕਰਵਾਇਆ ਮਹਾ ਸ਼ਿਵਰਾਤਰੀ ਨੂੰ ਸਮਰਪਿਤ ਦੂਸਰਾ ਸਲਾਨਾ ਭੰਡਾਰਾ





ਫਗਵਾੜਾ ( ਸੁਸ਼ੀਲ ਸ਼ਰਮਾ ) ਲਾਇਨਜ ਇੰਟਰਨੈਸ਼ਨਲ 321-ਡੀ ਦੀ ਮੋਹਰੀ ਲਾਇਨਜ਼ ਕਲੱਬ ਫਗਵਾੜਾ ਸਰਵਿਸ ਵਲੋਂ ਮਹਾਸ਼ਿਵਰਾਤਰੀ ਦੇ ਮੌਕੇ 'ਤੇ ਦੂਸਰਾ ਸਲਾਨਾ ਭੰਡਾਰਾ ਹਰ-ਹਰ ਮਹਾਦੇਵ ਸੇਵਾ ਦਲ ਦੇ ਸਹਿਯੋਗ ਨਾਲ ਸ਼ਹੀਦ ਬਾਬਾ ਫਤਹਿ ਸਿੰਘ ਪਾਰਕ ਵਿਖੇ ਕਰਵਾਇਆ ਗਿਆ। ਇਸ ਦੌਰਾਨ ਬਤੌਰ ਮੁੱਖ ਮਹਿਮਾਨ ਲੁਧਿਆਣਾ ਦੇ ਐਮ.ਐਲ.ਏ. ਮਦਨ ਲਾਲ ਬੱਗਾ ਦੇ ਪੁੱਤਰ ਗੌਰਵ ਬੱਗਾ ਨੇ ਸ਼ਿਰਕਤ ਕੀਤੀ ਜਦਕਿ ਗੈਸਟ ਆਫ ਆਨਰ ਵਜੋਂ ਲੁਧਿਆਣਾ ਦੇ ਮੇਅਰ ਪ੍ਰੋਫੈਸਰ ਇੰਦਰਜੀਤ ਕੌਰ ਨੇ ਹਾਜਰੀ ਲਗਵਾਈ। ਲੰਗਰ ਤੋਂ ਪਹਿਲਾਂ ਜੰਗਮਾ ਵਲੋਂ ਭਗਵਾਨ ਭੋਲੇਨਾਥ ਦੀ ਮਹਿਮਾ ਦਾ ਗੁਣਗਾਨ ਕੀਤਾ ਗਿਆ। ਉਪਰੰਤ ਭਗਵਾਨ ਨੂੰ ਭੋਗ ਲਗਵਾ ਕੇ ਭੰਡਾਰੇ ਦੀ ਅਰੰਭਤਾ ਮੁੱਖ ਮਹਿਮਾਨਾਂ ਵਲੋਂ ਕਰਵਾਈ ਗਈ। ਹਜਾਰਾਂ ਦੀ ਗਿਣਤੀ ਵਿਚ ਸੰਗਤ ਨੇ ਬੜੇ ਪ੍ਰੇਮ ਦੇ ਨਾਲ ਲੰਗਰ ਪ੍ਰਸਾਦ ਛਕਿਆ। ਡਿਸਟ੍ਰਿਕਟ ਚੇਅਰਮੈਨ ਲਾਇਨ ਵਿਪਨ ਹਾਂਡਾ ਸਾਰਿਆਂ ਨੂੰ ਮਹਾਸ਼ਿਵਰਾਤਰੀ ਦੇ ਤਿਉਹਾਰ ਦੀਆਂ ਸ਼ੁੱਭ ਇੱਛਾਵਾਂ ਦਿੰਦੇ ਹੋਏ ਭਗਵਾਨ ਭੋਲੇ ਨਾਥ ਅੱਗੇ ਸਾਰਿਆਂ 'ਤੇ ਆਪਣਾ ਮਿਹਰ ਭਰਿਆ ਹੱਥ ਰੱਖਣ ਦੀ ਪ੍ਰਾਰਥਨਾ ਕੀਤੀ। ਉਨ੍ਹਾਂ ਕਿਹਾ ਕਿ ਤਿਉਹਾਰ ਭਾਰਤੀ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਹੁੰਦੇ ਹਨ। ਇਨ੍ਹਾਂ ਨੂੰ ਰਲਮਿਲ ਕੇ ਮਨਾਉਣਾ ਚਾਹੀਦਾ ਹੈ ਤਾਂ ਜੋ ਆਪਸੀ ਭਾਈਚਾਰਾ ਮਜ਼ਬੂਤ ਬਣਿਆ ਰਹੇ। ਮੁੱਖ ਮਹਿਮਾਨਾਂ, ਸਹਿਯੋਗੀਆਂ ਅਤੇ ਪਤਵੰਤਿਆਂ ਨੂੰ ਯਾਦਗਾਰੀ ਚਿੰਨ੍ਹ ਅਤੇ ਸਿਰੋਪਾ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਲੁਧਿਆਣਾ ਦੇ ਕੌਂਸਲਰ ਨੀਰਜ ਆਹੂਜਾ, ਲਾਲਾ ਸੁਰਿੰਦਰ, ਰਜਿੰਦਰ ਸਿੰਘ ਗੱਗੀ ਪ੍ਰਧਾਨ ਆਪ ਪਾਰਟੀ, ਰਾਜੂ ਚਾਵਲਾ, ਗੁਰਜਿੰਦਰ ਸਿੰਘ ਜੌਲੀ, ਜੇ.ਕੇ. ਡਾਬਰ, ਅਸ਼ਵਨੀ ਪੁਰੀ, ਐਡਵੋਕੇਟ ਸਿਧਾਂਤ ਸ਼ਾਰਦਾ ਤੋਂ ਇਲਾਵਾ ਲਾਇਨ ਕਪਿਲ ਧਮੀਜਾ, ਲਾਇਨ ਅਜੇ ਹਾਂਡਾ, ਲਾਇਨ ਰਣਵੀਰ ਅਰੋੜਾ, ਰਮਨ ਗਰਗ, ਸਨੀ ਢੱਲਾ, ਅੰਕਿਤ ਪੁਰੀ, ਸੰਦੀਪ ਅਰੋੜਾ, ਗੁਰਪ੍ਰੀਤ ਬਿੱਲਾ, ਮਨਿੰਦਰ ਗਿਫਟੀ, ਵਿਜੇ ਗਰਗ, ਲਾਇਨ ਸੁਖਦੇਵ ਸਿੰਘ, ਲਾਇਨ ਅਸ਼ੋਕ ਠਾਕੁਰ, ਲਾਇਨ ਸੰਦੀਪ ਗਰੋਵਰ, ਲਾਇਨ ਸ਼ਿਵ ਠਾਕੁਰ, ਲਾਇਨ ਆਕਾਸ਼ ਧੀਰ ਆਦਿ ਹਾਜ਼ਰ ਸਨ।

# ਪੀ ਐਸ ਈ ਬੀ ਇੰਪਲਾਈਜ ਫੈਡਰੇਸ਼ਨ ਏਟਕ ਦੀ ਹੋਈ ਮੀਟਿੰਗ



ਲੁਧਿਆਣਾ ( ਸੁਖਚੈਨ ਮਹਿਰਾ) ਸੁੰਦਰ ਨਗਰ ਡਵੀਜ਼ਨ ਵਿਖੇ ਪੀ ਐਸ ਈ ਬੀ ਇੰਪਲਾਈਜ ਫੈਡਰੇਸ਼ਨ ਏਟਕ ਦੀ ਡਵੀਜ਼ਨ ਪੱਧਰ ਦੀ ਮੀਟਿੰਗ ਪ੍ਰਧਾਨ ਗੁਰਪ੍ਰੀਤ ਸਿੰਘ ਮਹਿਦੂਦਾਂ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਸੂਬਾ ਡਿਪਟੀ ਜਨਰਲ ਸਕੱਤਰ ਰਛਪਾਲ ਸਿੰਘ ਪਾਲੀ ਅਤੇ ਸੀਨੀਅਰ ਆਗੂ ਸੋਬਨ ਸਿੰਘ ਠਾਕੁਰ ਉਚੇਚੇ ਤੌਰ ਤੇ ਪਹੁੰਚੇ। ਜਿਨ੍ਹਾਂ ਮੀਟਿੰਗ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਨੇ ਦੱਸਿਆ ਕਿ ਇਸ ਵਿੱਚ ਜਿੱਥੇ ਮੁਲਾਜਮਾਂ ਦੇ ਮਸਲਿਆਂ ਨੂੰ ਵਿਚਾਰਿਆ ਗਿਆ ਹੈ ਉਥੇ ਏਟਕ ਦੀ ਚੰਡੀਗੜ੍ਹ ਵਿੱਚ ਹੋਣ ਜਾ ਰਹੀ ਦੇਸ਼ ਪੱਧਰੀ ਕਾਨਫਰੰਸ ਅਤੇ ਅੱਗੇ ਹੋਣ ਵਾਲੀ ਨਵੀਂ ਚੋਣ ਬਾਰੇ ਵੀ ਚਰਚਾ ਹੋਈ ਹੈ। ਗੁਰਪ੍ਰੀਤ ਸਿੰਘ ਮਹਿਦੂਦਾਂ ਨੇ ਦੱਸਿਆ ਕਿ ਏਟਕ ਦੇ ਬਹੁਤ ਹੀ ਜੁਝਾਰੂ ਆਗੂ ਲੁਧਿਆਣਾ ਜੋਨ ਦੇ ਕਨਵੀਨਰ ਸਾਥੀ ਸਤੀਸ਼ ਕੁਮਾਰ 28 ਫਰਵਰੀ ਨੂੰ ਸੇਵਾਮੁਕਤ ਹੋਣ ਜਾ ਰਹੇ ਹਨ ਜਿਨ੍ਹਾਂ ਦੀ ਸੇਵਾਮੁਕਤੀ ਨੂੰ ਯਾਦਗਾਰੀ ਬਣਾਉਣ ਲਈ 1 ਮਾਰਚ ਨੂੰ ਐਮਸ਼ਨ ਪੈਲਸ ਮੋਤੀ ਨਗਰ ਵਿਖੇ ਵਿਦਾਇਗੀ ਪਾਰਟੀ ਰੱਖੀ ਹੈ। ਉਨ੍ਹਾਂ ਸਾਰੇ ਬਿਜਲੀ ਮੁਲਾਜਮਾਂ ਨੂੰ ਇਸ ਵਿੱਚ ਪਹੁੰਚਣ ਦਾ ਸੱਦਾ ਦਿੱਤਾ। ਇਸ ਮੌਕੇ ਦੀਪਕ ਕੁਮਾਰ, ਕਰਤਾਰ ਸਿੰਘ, ਅਮਰਜੀਤ ਸਿੰਘ, ਪ੍ਰਕਾਸ਼ ਚੰਦ, ਰਾਮ ਅਵਧ, ਹਰਫੂਲ ਮਸੀਹ, ਬਲਸ਼ੇਰ ਸਿੰਘ ਅਤੇ ਹੋਰ ਹਾਜ਼ਰ ਸਨ।

# ਰਾਮਗੜ੍ਹੀਆ ਐਜੂਕੇਸ਼ਨ ਕੌਂਸਲ ਵੱਲੋਂ ਸਰਦਾਰ ਭਰਪੂਰ ਸਿੰਘ ਭੋਗਲ ਜੀ ਦੀ ਯਾਦ ਵਿੱਚ ਦੂਜੀ ਸਪੋਰਟਸ ਮੀਟ 2025 ਆਯੋਜਿਤ ਕੀਤੀ ਗਈ

ਫਗਵਾੜਾ ( ਸੁਸ਼ੀਲ ਸ਼ਰਮਾ) ਰਾਮਗੜੀਆ ਐਜੂਕੇਸ਼ਨ ਕੌਂਸਲ ਵੱਲੋਂ ਸਰਦਾਰ ਭਰਪੂਰ ਸਿੰਘ ਭੋਗਲ ਜੀ ਦੀ ਯਾਦ ਨੂੰ ਸਮਰਪਿਤ ਦੂਜੀ ਸਪੋਰਟਸ ਮੀਟ ਦਾ ਆਯੋਜਨ ਕੀਤਾ ਗਿਆ। ਇਸ ਸਮਾਰੋਹ ਦੀ ਵਿਸ਼ੇਸ਼ ਵਿਵਸਥਾ ਅਕਾਲ ਸਟੇਡਿਅਮ ਵਿੱਚ ਕੀਤੀ ਗਈ। ਮੌਜੂਦਾ ਚੇਅਰਪਰਸਨ ਮੈਡਮ ਮਨਪ੍ਰੀਤ ਕੌਰ ਭੋਗਲ ਜੀ ਸਮਾਗਮ ਵਿੱਚ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਇਸ ਮੌਕੇ ਡਾ ਵਯੋਮਾ ਭੋਗਲ ਦੱਤ ਜੀ (ਡਾਇਰੈਕਟ ਆਰ ਈ ਸੀ)ਅਤੇ ( ਕੋ ਡਾਇਰੈਕਟ ) ਰਵਨੀਤ ਭੋਗਲ ਕਾਲਰਾ ਜੀ ਵੀ ਸ਼ਾਮਲ ਸਨ। ਇਸ ਮੌਕੇ ਆਰ ਈ ਸੀ ਦੇ (ਟਰੇਜਰਰ) ਸਰਦਾਰ ਗੁਰਮਿੰਦਰ ਸਿੰਘ ਬਾਹੜਾ ਹੋਰ ਮੈਂਬਰਾਂ ਸਮੇਤ ਸਮਾਗਮ ਵਿਚ ਸ਼ਾਮਲ ਹੋਏ। ਸਮਾਰੋਹ ਨੂੰ ਚਾਰ ਚੰਨ ਲਾਉਣ ਲਈ ਰਾਮਗੜੀਆ ਐਜੂਕੇਸ਼ਨ ਕੌਂਸਲ ਦੇ ਸਮੂਹ ਕਾਲਜਾਂ ਅਤੇ ਸਕੂਲਾਂ ਦੇ ਪ੍ਰਿੰਸੀਪਲ ਅਤੇ ਸਟਾਫ਼ ਵੀ ਸ਼ਾਮਲ ਹੋਏ ਸਮਾਗਮ ਦੀ ਸ਼ੁਰੂਆਤ ਮਹਿਮਾਨਾਂ ਵੱਲੋਂ ਰਿਬਨ ਕੱਟਣ ਨਾਲ ਹੋਈ, ਜਿਸ ਤੋਂ ਬਾਅਦ ਪੌਦਿਆਂ ਦੀ ਭੇਟ ਨਾਲ ਸੁਆਗਤ ਰਸਮ ਕੀਤੀ ਗਈ। ਰਾਮਗੜ੍ਹੀਆ ਐਜੂਕੇਸ਼ਨ ਕੌਂਸਲ ਦਾ ਝੰਡਾ ਲਹਿਰਾਉਣ ਦੀ ਰਸਮ ਚੇਅਰਪਰਸਨ ਮੈਡਮ ਦੁਆਰਾ ਸਤਿਕਾਰ ਨਾਲ ਕਰਵਾਈ ਗਈ, ਜੋ ਕਿ ਸਮੂਹ ਰਾਮਗੜੀਆ ਕੌਂਸਲ ਦੀ ਏਕਤਾ ਦਾ ਪ੍ਰਤੀਕ ਹੈ। ਇਸ ਮੌਕੇ ਤੇ ਵਿਦਿਆਰਥੀਆਂ ਨੇ ਮਾਰਚ ਪਾਸਟ ਦੀ ਸ਼ਾਨਦਾਰ ਪ੍ਰਦਰਸ਼ਨੀ ਕੀਤੀ। ਰਾਮਗੜ੍ਹੀਆ ਐਜੂਕੇਸ਼ਨ ਕੌਂਸਲ ਦੀਆਂ ਬ੍ਰਾਂਚਾਂ ਦੇ ਵਿਦਿਆਰਥੀ ਇਸ ਮਾਰਚ ਵਿੱਚ ਸ਼ਾਮਲ ਹੋਏ। ਸੌਂਹ ਸਮਾਰੋਹ ਦੌਰਾਨ, ਖਿਡਾਰੀਆਂ ਨੇ ਸੱਚਾਈ, ਅਤੇ ਖੇਡਾਂ ਦੀ ਸਾਫ਼-ਸੁਥਰੀ ਭਾਵਨਾ ਨਾਲ ਪ੍ਰਤਿਬੱਧ ਰਹਿਣ ਦੀ ਸੌਂਹ ਚੁਕੀ। ਇਸ ਤੋਂ ਬਾਅਦ, ਆਏ ਹੋਏ ਮਹਿਮਾਨ ਚੇਅਰਪਰਸਨ ਮੈਡਮ ਵੱਲੋ ਅਕਾਸ਼ ਚ ਗੁਬਾਰੇ ਛੱਡੇ ਗਏ, ਜੋ ਆਜ਼ਾਦੀ ਅਤੇ ਉੱਚੀਆਂ ਉਡਾਣਾਂ ਦਾ ਪ੍ਰਤੀਕ ਹਨ ਇਸ ਮੌਕੇ ਤੇ ਵਿਦਿਆਰਥੀਆਂ ਵੱਲੋਂ ਵਿਸ਼ੇਸ਼ ਪ੍ਰਦਰਸ਼ਨ ਵੀ ਕੀਤੇ ਗਏ। ਬਿਯਾਂਡ ਏ. ਬੀ.ਸੀ. ਸਕੂਲ, ਬੇਬੇ ਨਾਨਕੀ ਸਕੂਲ ਅਤੇ ਰਾਮਗੜ੍ਹੀਆ ਗਰਲਜ਼ ਸੀ: ਸੈ: ਸਕੂਲ ਦੇ ਵਿਦਿਆਰਥੀਆਂ ਨੇ ਆਪਣੀ ਸੱਭਿਆਚਾਰਕ ਪ੍ਰਸਤੁਤੀ ਰਾਹੀਂ ਦਰਸ਼ਕਾਂ ਨੂੰ ਮੁਗਧ ਕਰ ਦਿੱਤਾ। ਖਿਡਾਰੀਆਂ ਨੇ 100 ਮੀਟਰ, 400 ਮੀਟਰ ਦੌੜ, ਲੰਬੀ ਛਾਲ ਅਤੇ ਰੱਸੀ ਖਿੱਚ ਮੁਕਾਬਲੇ ਵਿੱਚ ਭਾਗ ਲਿਆ। ਖਿਡਾਰੀਆਂ ਦੀਆਂ ਟੀਮਾਂ ਰੱਸੀ ਖਿੱਚ ਮੁਕਾਬਲੇ ਵਿੱਚ ਭਿੜੀਆਂ, ਜਿਸ ਨੇ ਦਰਸ਼ਕਾਂ ਵਿੱਚ ਜੋਸ਼ ਪੈਦਾ ਕਰ ਦਿੱਤਾ।ਇਸ ਮੌਕੇ ਹੋਟਲ ਮੈਨੇਜਮੈਂਟ ਵਿਭਾਗ ਦੇ ਵਿਦਿਆਰਥੀਆਂ ਵੱਲੋਂ 24 ਅਤੇ 25 ਫਰਵਰੀ ਨੂੰ ਅਕਾਲ ਸਟੇਡਿਅਮ ਵਿੱਚ ਖਾਣ-ਪੀਣ ਦੇ ਸਟਾਲ ਲਗਾਏ ਗਏ। ਇਹਨਾਂ ਵਿਦਿਆਰਥੀਆਂ ਨੇ ਆਪਣੀ ਪਕਵਾਨ ਕਲਾ ਅਤੇ ਮੈਨੇਜਮੈਂਟ ਹੁਨਰ ਦਾ ਪ੍ਰਦਰਸ਼ਨ ਕਰਕੇ ਸਭ ਦੀ ਵਾਹ-ਵਾਹ ਲੁੱਟੀ ਵੱਖ ਵੱਖ ਖੇਡਾਂ ਵਿੱਚ ਜੇਤੂ ਰਹੇ ਵਿਦਿਆਰਥੀਆਂ ਵਿੱਚ ਪਹਿਲਾਂ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਅੱਗੇ ਸਾਰਣੀ ਵਿੱਚ ਦਰਜ ਹਨ। ਲੰਬੀ ਛਾਲ ਮੁਕਾਬਲੇ ਵਿੱਚ ਸਤਾਰਾਂ ਸਾਲ ਤੋਂ ਘੱਟ ਵਾਲੇ ਲੜਕੇ, ਕ੍ਰਮਵਾਰ ਸਾਹਿਲ, ਅੰਕੁਸ਼, ਅੰਸੂ ਅਤੇ ਲੜਕੀਆਂ ਵਿੱਚ ਕ੍ਰਮਵਾਰ ਕੁਮਾਰੀ ਖੁਸ਼ਬੂ, ਖੁਸ਼ਬੂ ਕੁਮਾਰੀ, ਅਤੇ ਭਾਰਤੀ ਸਨ। ਇਸੇ ਖੇਡ ਵਿੱਚ ਚੌਦਾਂ ਸਾਲ ਤੋਂ ਘੱਟ ਵਾਲੇ ਲੜਕੇ ਕ੍ਰਮਵਾਰ ਅਕਸ਼ੈ, ਅੰਕਿਤ,ਰਿੰਕੂ ਅਤੇ ਲੜਕੀਆਂ ਚੋਂ ਵਿਧੀ ਜੇਤੂ ਰਹੇ। 100 ਮੀਟਰ ਦੌੜ ਚ ਮੋਹਮਦ ਸਮੀਰ (ਅੰਡਰ-14), ਓਮਰ (ਅੰਡਰ-17), ਅੰਕਿਤ (ਅੰਡਰ-19), ਅਤੇ ਅੰਕਿਤ (19 ਤੋਂ ਉੱਤੇ) ਨੇ ਆਪਣੇ-ਆਪਣੇ ਵਰਗਾਂ ਚ ਪਹਿਲਾ ਸਥਾਨ ਹਾਸਲ ਕੀਤਾ।100 ਮੀਟਰ ਦੌੜ ਚ ਬਮ (ਅੰਡਰ-14), ਪ੍ਰਿੰਸ (ਅੰਡਰ-17), ਰਮਨਦੀਪ (ਅੰਡਰ-19) ਅਤੇ ਵਿਵੇਕ(19 ਤੋਂ ਉੱਤੇ) ਨੇ ਆਪਣੇ-ਆਪਣੇ ਵਰਗਾਂ ਚ ਦੂਜਾ ਸਥਾਨ ਹਾਸਲ ਕੀਤਾ। 100 ਮੀਟਰ ਦੌੜ ਚ ਸਨਪ੍ਰੀਤ(ਅੰਡਰ-14), ਹਰਪ੍ਰੀਤ (ਅੰਡਰ-17) ਅਤੇ ਲਵਪ੍ਰੀਤ (19 ਤੋਂ ਉੱਤੇ) ਨੇ ਆਪਣੇ-ਆਪਣੇ ਵਰਗਾਂ ਚ ਤੀਜਾ ਸਥਾਨ ਹਾਸਲ ਕੀਤਾ। 400 ਮੀਟਰ (ਅੰਡਰ-19) ਮੁਕਾਬਲੇ ਚ, ਕਨਹਈਆ ਨੇ ਪਹਿਲੀ, ਸਮੀਰ ਨੇ ਦੂਜੀ, ਅਤੇ ਹਰਸ਼ ਨੇ ਤੀਜਾ ਸਥਾਨ ਹਾਸਲ ਕੀਤਾ। ਕੁੜੀਆਂ ਦੀ 100 ਮੀਟਰ ਦੌੜ ਚ ਰਿਤਿਕਾ (ਅੰਡਰ-14), ਅਤੇ ਮਾਨਸੀ ( ਅੰਡਰ-17 )ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਕੁੜੀਆਂ ਦੀ 100 ਮੀਟਰ ਦੌੜ ਚ ਦੀਆ ਨੇ (ਅੰਡਰ-14), ਅਤੇ ਮਾਨਸੀ ਨੇ ( ਅੰਡਰ-17 )ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ। ਕੁੜੀਆਂ ਦੀ 100 ਮੀਟਰ ਦੌੜ ਚ ਸਿਮਰਨ (ਅੰਡਰ-14), ਅਤੇ ਰਿਤਿਕਾ ਨੇ ( ਅੰਡਰ-17 ) ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ ਕੁੜੀਆਂ ਦੀ 100 ਮੀਟਰ ਦੌੜ ਚ ਨੇਹਾ ਕੁਮਾਰੀ ਨੇ ਪਹਿਲਾ, ਜਦਕਿ ਰੱਜੀ ਨੇ ਦੂਜਾ ਅਤੇ ਰੈਨੂੰ ਕੁਮਾਰੀ ਨੇ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ ਲੜਕਿਆਂ ਦੀ 400 ਮੀਟਰ ਦੌੜ (ਅੰਡਰ 14)ਚ ਅੰਕਿਤ ਨੇ ਪਹਿਲਾ, ਜਦਕਿ ਸੌਰਬ ਨੇ ਦੂਜਾ ਅਤੇ ਅਭੈ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਲੜਕੀਆਂ ਦੀ 400 ਮੀਟਰ ਦੌੜ (ਅੰਡਰ 17 ਚ ਭਾਰਤੀ ਅਤੇ (ਅੰਡਰ 14)ਚ ਜਾਨਵੀ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਲੜਕੀਆਂ ਦੀ 400 ਮੀਟਰ ਦੌੜ (ਕਾਲਜ)ਚ ਖੁਸ਼ਬੂ ਨੇ ਪਹਿਲਾ, ਜਦਕਿ ਨੀਤੂ ਨੇ ਦੂਜਾ ਅਤੇ ਰਾਣੀ ਕੁਮਾਰੀ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਲੜਕਿਆਂ ਦੀ 400 ਮੀਟਰ ਦੌੜ (ਅੰਡਰ 17)ਚ ਮਨੀਸ਼ ਨੇ ਪਹਿਲਾ, ਜਦਕਿ ਸ਼ੇਖ ਫਰਹਾਨ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਲੜਕਿਆਂ ਦੀ 400 ਮੀਟਰ ਦੌੜ (ਅੰਡਰ 19)ਚ ਅਮਿਤ ਕੁਮਾਰ ਨੇ ਪਹਿਲਾ, ਜਦਕਿ ਸੰਦੇਸ਼ ਨੇ ਦੂਜਾ ਸਥਾਨ ਅਤੇ ਜਸਕਰਨ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਲੜਕੀਆਂ ਦੀ 400 ਮੀਟਰ ਦੌੜ ( 19 ਤੋਂ ਉਪਰ)ਚ ਕਿਰਨ ਪ੍ਰੀਤ ਕੌਰ ਨੇ

ਪਹਿਲਾ, ਕੋਮਲ ਨੇ ਦੂਜਾ ਸਥਾਨ ਅਤੇ ਪ੍ਰੀਆਲ ਕੁਮਾਰੀ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਲੜਕਿਆਂ ਦੀ 400 ਮੀਟਰ ਦੌੜ ( 19 ਤੋਂ ਉਪਰ)ਚ ਅਮਰਜੀਤ ਕੁਮਾਰ ਨੇ ਪਹਿਲਾ, ਜਦਕਿ ਜਸਕਰਨ ਸਿੰਘ ਨੇ ਦੂਜਾ ਸਥਾਨ ਅਤੇ ਦੀਪਾਂਸ਼ੂ ਸ਼ਰਮਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ

ਰੱਸਾਕਸੀ ਮੁਕਾਬਲੇ ਚ ਰਾਮਗੜੀਆ ਹੈਲਥ ਸਾਇੰਸ ਕਾਲਜ ਨੇ ਕੁੜੀਆਂ ਦੀ ਸ਼੍ਰੇਣੀ ਵਿੱਚ, ਜਦਕਿ ਆਰਟਸ ਕਾਲਜ ਨੇ ਮੁੰਡਿਆਂ ਦੀ ਸ਼੍ਰੇਣੀ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਅਤੇ ਆਰ ਆਈ ਈ ਟੀ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਦੌਰਾਨ ਚੇਅਰਪਰਸਨ ਮੈਡਮ ਮਨਪ੍ਰੀਤ ਭੋਗਲ ਜੀ ਨੇ



ਆਪਣੇ ਸੰਬੋਧਨ ਵਿੱਚ ਕਿਹਾ ਕਿ ਖੇਡਾਂ ਵਿਦਿਆਰਥੀਆਂ ਵਿੱਚ ਅਨੁਸ਼ਾਸਨ, ਟੀਮਵਰਕ ਅਤੇ ਹੌਂਸਲੇ ਨੂੰ ਵਧਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਸਲਾਨਾ ਖੇਡ ਸਮਾਗਮ ਵਰਗੇ ਸਮਾ.ਗਮ ਵਿਦਿਆਰਥੀਆਂ ਨੂੰ ਆਪਣੇ ਹੌਂਸਲੇ ਆਜ਼ਮਾਉਣ ਅਤੇ ਸਿਹਤਮੰਦ ਮੁਕਾਬਲੇ ਦੀ ਭਾਵਨਾ ਨਿਬਾਉਣ ਲਈ ਉਤਸ਼ਾਹਿਤ ਕਰਦੇ ਹਨ। ਜਿੱਤਣਾ ਮਹੱਤਵਪੂਰਨ ਹੈ, ਪਰ ਲਗਨ ਅਤੇ ਮਿਹਨਤ ਸਭ ਤੋਂ ਵੱਧ ਜ਼ਰੂਰੀ ਹਨ। ਉਹਨਾਂ ਨੇ ਸਭ ਹਿੱਸਾ ਲੈਣ ਵਾਲਿਆਂ ਅਤੇ ਜੇਤੂਆਂ ਨੂੰ ਵਧਾਈ ਦਿੱਤੀ। ਇਹ ਖੇਡ ਮੇਲਾ ਇਨਾਮ ਵੰਡ ਸਮਾਰੋਹ ਨਾਲ ਨੇਪਰੇ ਚੜਿਆ, ਜਿੱਥੇ ਜੇਤੂ ਖਿਡਾਰੀਆਂ ਨੂੰ ਸਨਮਾਨਿਤ ਕਰਕੇ ਖੇਡ ਜਜ਼ਬੇ ਨੂੰ ਹੋਰ ਵਧਾਇਆ ਗਿਆ।ਸਾਲਾਨਾ ਖੇਡ ਮੇਲਾ 2025 ਵਿਦਿਆਰਥੀਆਂ ਲਈ ਨਵੇਂ ਉਤਸ਼ਾਹ ਅਤੇ ਉਮੀਦਾਂ ਨਾਲ ਸਮਾਪਤ ਹੋਇਆ, ਜਿੱਥੇ ਉਨ੍ਹਾਂ ਨੇ ਸਿਹਤਮੰਦ ਜੀਵਨ ਸ਼ੈਲੀ ਅਤੇ ਖੇਡਾਂ ਦੀ ਮਹੱਤਤਾ ਨੂੰ ਆਪਣੇ ਜੀਵਨ ਵਿੱਚ ਸ਼ਾਮਲ ਕਰਨ ਦੀ ਪ੍ਰੇਰਣਾ ਲਈ

# ਜੱਥੇਦਾਰ ਨਿਮਾਣਾ ਨੇ ਸਰਬੱਤ ਦਾ ਭਲਾ ਟ੍ਰਸਟ ਵੱਲੋਂ ਲਗਾਏ ਅੱਖਾਂ ਅਤੇ ਚਿੱਟੇ ਮੋਤੀਏ ਓਪਰੇਸ਼ਨ ਦੇ ਮੁਫਤ ਕੈਂਪ ਦਾ ਉਦਘਾਟਨ ਕੀਤਾ

ਲੁਧਿਆਣਾ (ਸੁਖਚੈਨ ਮਹਿਰਾ)ਗੁਰਦੁਆਰਾ ਸ਼ਹੀਦਗੜ੍ਹ ਸਾਹਿਬ ਪਿੰਡ ਸਿਹੋੜਾ ਵਿਖੇ ਸਰਬੱਤ ਦਾ ਭਲਾ (ਚੈ) ਟ੍ਰਸਟ ਦੇ ਸਰਪ੍ਰਸਤ ਡਾਕਟਰ ਐਸ.ਪੀ ਸਿੰਘ ਓਬਰਾਏ ਦੀ ਪ੍ਰੇਰਣਾ ਸਦਕਾ ਸ੍ਰ.ਜਸਵੰਤ ਸਿੰਘ ਛਾਪਾ ਪ੍ਰਧਾਨ ਸਰਬੱਤ ਦਾ ਭਲਾ (ਚੈ)ਟ੍ਰਸਟ ਲੁਧਿਆਣਾ ਇਕਾਈ ਦੀ ਅਗਵਾਈ ਹੇਠ ਮਨੁੱਖਤਾ ਦੇ ਭਲੇ ਲਈ 672ਵਾ ਮਹਾਨ ਅੱਖਾਂ ਦਾ ਕੈਂਪ ਸ੍ਰ ਗੁਰਮੀਤ ਸਿੰਘ ਪੰਧੇਰ ਯੂ.ਐਸ.ਏ, ਬੀਬੀ ਸੁਰਿੰਦਰ ਕੌਰ ਪੰਧੇਰ ਯੂ.ਐਸ.ਏ ਦੇ ਪਰਿਵਾਰ ਦੇ ਪੂਰਨ ਸਹਿਯੋਗ ਨਾਲ ਲਗਾਇਆ ਗਿਆ। ਇਸ ਮਹਾਨ ਅੱਖਾਂ ਦੇ ਕੈਂਪ ਦਾ ਉਦਘਾਟਨ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਮੁੱਖ ਸੇਵਾਦਾਰ ਭਾਈ ਘੱਨ□ਈਆ ਜੀ ਮਿਸ਼ਨ ਸੇਵਾ ਸੁਸਾਇਟੀ ਅਤੇ ਕੌਮੀ ਪ੍ਰਧਾਨ ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ ਅਤੇ ਬੀਬੀ ਕੁਲਦੀਪ ਕੌਰ ਦੀਪ ਲੁਧਿਆਣਵੀ ਨੇ ਸਾਂਝੇ ਤੌਰ ਕਰਦਿਆਂ ਕਿਹਾ ਕਿ ਅੱਖਾਂ ਤੋਂ ਦਿਖਣਾ ਬੰਦ ਹੋ ਗਿਆ ਸਮਝੋ ਜਹਾਨ ਖ਼ਤਮ ਹੋ ਗਿਆ।
ਲੋੜਵੰਦ ਮਰੀਜ਼ਾਂ ਲਈ ਲਗਾਏ ਗਏ ਮਹਾਨ ਅੱਖਾਂ ਦੇ ਚਿੱਟੇ ਮੋਤੀਆ ਦੇ ਮੁਫਤ ਓਪਰੇਸ਼ਨ ਦੀ ਸ਼ਾਲਾਘਾ ਕਰਦਿਆਂ ਕਿਹਾ ਕਿ ਗੁਰਮੀਤ ਸਿੰਘ ਪੰਧੇਰ ਸੇਵਾਦਾਰ ਸਰਬੱਤ ਦਾ ਭਲਾ (ਚੈ)ਟ੍ਰਸਟ ਅਤੇ ਸਾਥੀਆਂ ਵੱਲੋਂ ਬਹੁਤ ਵੱਡਾ ਪਰਉਪਕਾਰ ਦਾ ਕਾਰਜ ਕੀਤਾ ਗਿਆ। ਇਸ ਮੌਕੇ ਤੇ ਸਰਬੱਤ ਦਾ ਭਲਾ (ਚੈ) ਟ੍ਰਸਟ ਲੁਧਿਆਣਾ ਇਕਾਈ ਦੇ ਪ੍ਰਧਾਨ ਜਸਵੰਤ ਸਿੰਘ ਛਾਪਾ ਅਤੇ ਗੁਰਮੀਤ ਸਿੰਘ ਪੰਧੇਰ ਨੇ ਦੱਸਿਆ ਕਿ ਅੱਖਾਂ ਦੇ ਕੈਂਪ ਦੌਰਾਨ ਅੱਖਾਂ ਦੇ ਮਾਹਿਰ ਡਾਕਟਰ ਪਰਮਜੀਤ ਸਿੰਘ ਅਤੇ ਉਨ੍ਹਾਂ ਦੀ ਟੀਮ ਵੱਲੋਂ 400 ਤੋਂ ਵੱਧ ਮਰੀਜ਼ਾਂ ਦੇ ਅੱਖਾਂ ਦੀ ਜਾਂਚ ਮੁਫਤ ਕੀਤੀ ਗਈ, ਲੋੜਵੰਦ ਮਰੀਜ਼ਾਂ ਨੂੰ ਫਰੀ ਨੰਬਰ ਵਾਲੀਆਂ ਐਨਕਾਂ ਅਤੇ ਫ੍ਰੀ ਦਵਾਈਆਂ ਵੰਡੀਆਂ ਗਈਆਂ ਅਤੇ 45 ਚਿੱਟੇ ਮੋਤੀਏ ਦੇ ਓਪਰੇਸ਼ਨ ਲਈ ਪਹਿਚਾਣ ਕੀਤੀ ਜਿਨਾਂ ਦੇ ਕਲ ਨੂੰ ਚਿੱਟੇ ਮੋਤੀਏ ਦੇ ਓਪਰੇਸ਼ਨ ਮੁਫ਼ਤ ਕੀਤੇ ਜਾਣਗੇ।ਇਸ ਮੌਕੇ ਤੇ ਜੱਸਾ ਸਿੰਘ ਸੰਧੂ ਪ੍ਰਧਾਨ ਉਤਰੀ ਭਾਰਤ, ਡਾਕਟਰ ਦਲਜੀਤ ਸਿੰਘ ਗਿਲ ਸਲਾਹਕਾਰ ਸਿਹਤ ਸੇਵਾਵਾ, ਕੁਲਦੀਪ ਸਿੰਘ ਗਰੇਵਾਲ ਪ੍ਰਬੰਧਕ ਸਿਹਤ ਸੇਵਾਵਾਂ ਅਤੇ ਨਗਰ ਨਿਵਾਸੀ ਅਤੇ ਪਤਵੰਤੇ ਸੱਜਣ ਹਾਜ਼ਰ ਸਨ





# ਵਿਧਾਇਕ ਧਾਲੀਵਾਲ ਨੇ ਵਿਧਾਨਸਭਾ 'ਚ ਚੁੱਕਿਆ ਸ਼ਹਿਰ ਦੀਆਂ ਸੜਕਾਂ ਦੀ ਮਾੜੀ ਹਾਲਤ ਦਾ ਮੁੱਦਾ



ਫਗਵਾੜਾ ( ਸੁਸ਼ੀਲ ਸ਼ਰਮਾ ) ਫਗਵਾੜਾ ਨੂੰ ਚੰਡੀਗੜ੍ਹ ਬਾਈਪਾਸ ਰੋਡ ਨਾਲ ਜੋੜਨ ਵਾਲੇ ਬੰਗਾ ਰੋਡ ਅਤੇ ਪਲਾਹੀ ਰੋਡ ਦੀ ਮਾੜੀ ਹਾਲਤ ਦਾ ਮੁੱਦਾ ਪੰਜਾਬ ਵਿਧਾਨ ਸਭਾ ਵਿੱਚ ਵੀ ਗੂੰਜਿਆ, ਜਦੋਂ ਕਾਂਗਰਸ ਪਾਰਟੀ ਦੇ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਅੱਜ ਵਿਧਾਨ ਸਭਾ ਦੀ ਕਾਰਵਾਈ ਵਿੱਚ ਹਿੱਸਾ ਲੈਂਦੇ ਹੋਏ ਸਪੀਕਰ ਕੁਲਤਾਰ ਸਿੰਘ ਸੰਧਾਵਾ ਰਾਹੀਂ ਵਿਭਾਗੀ ਮੰਤਰੀ ਅੱਗੇ ਇਨ੍ਹਾਂ ਦੋਵਾਂ ਸੜਕਾਂ ਦੀ ਹਾਲਤ ਸੁਧਾਰਨ ਦੀ ਮੰਗ ਪ੍ਰਮੁੱਖਤਾ ਨਾਲ ਰੱਖੀ। ਵਿਧਾਇਕ ਧਾਲੀਵਾਲ ਨੇ ਕਿਹਾ ਕਿ ਫਗਵਾੜਾ ਇੱਕ ਉਦਯੋਗਿਕ ਸ਼ਹਿਰ ਹੈ ਅਤੇ ਸ਼ਹਿਰ ਨੂੰ ਚੰਡੀਗੜ੍ਹ ਬਾਈਪਾਸ ਨਾਲ ਜੋੜਨ ਵਾਲੀਆਂ ਦੋਵੇਂ ਸੜਕਾਂ ਦੀ ਹਾਲਤ ਪਿਛਲੇ ਕਈ ਸਾਲਾਂ ਤੋਂ ਬਹੁਤ ਤਰਸਯੋਗ ਬਣੀ ਹੋਈ ਹੈ। ਪੈਚਵਰਕ ਵਾਰ-ਵਾਰ ਕੀਤਾ ਜਾਂਦਾ ਹੈ ਜੋ ਕਿ ਕਾਫ਼ੀ ਨਹੀਂ ਹੈ। ਪੀ.ਡਬਲਯੂ.ਡੀ. ਵਿਭਾਗ ਨੇ ਲਗਭਗ ਇੱਕ ਦਹਾਕੇ ਤੋਂ ਇਨ੍ਹਾਂ ਸੜਕਾਂ ਦੀ ਮੁੜ ਉਸਾਰੀ ਨਹੀਂ ਕੀਤੀ ਹੈ। ਧਿਆਨ ਦੇਣ ਯੋਗ ਗੱਲ ਹੈ ਕਿ ਇਹ ਦੋਵੇਂ ਸੜਕਾਂ ਸ਼ਹਿਰ ਦੀਆਂ ਬਹੁਤ ਵਿਅਸਤ ਸੜਕਾਂ ਹਨ। ਜਿੱਥੇ ਪਲਾਹੀ ਰੋਡ ਪੇਂਡੂ ਖੇਤਰਾਂ ਨੂੰ ਬਾਈਪਾਸ ਨਾਲ ਜੋੜਦੀ ਹੈ, ਉੱਥੇ ਹੀ ਵੱਡੇ ਅਤੇ ਡੂੰਘੇ ਟੋਇਆਂ ਨਾਲ ਭਰੀ ਬੰਗਾ ਰੋਡ ਦਾ ਮੁੱਦਾ ਅਕਸਰ ਚੋਣਾਂ ਦੌਰਾਨ ਚਰਚਾ ਵਿੱਚ ਰਹਿੰਦਾ ਹੈ। ਸੂਬੇ ਦੀ ਭਗਵੰਤ ਮਾਨ ਸਰਕਾਰ ਭਾਵੇਂ ਵਿਕਾਸ ਦੇ ਵੱਡੇ-ਵੱਡੇ ਦਾਅਵੇ ਕਰਦੀ ਹੈ, ਪਰ ਫਗਵਾੜਾ ਦੀਆਂ ਇਹ ਦੋ ਮੁੱਖ ਸੜਕਾਂ ਅਜੇ ਵੀ ਆਪਣੀ ਹਾਲਤ ਸੁਧਰਨ ਦੀ ਉਡੀਕ ਕਰ ਰਹੀਆਂ ਜਾਪਦੀਆਂ ਹਨ। ਦੱਸ ਦੇਈਏ ਕਿ ਫਗਵਾੜਾ ਨਾ ਸਿਰਫ਼ ਇੱਕ ਉਦਯੋਗਿਕ ਸ਼ਹਿਰ ਹੈ ਬਲਕਿ ਦੋਆਬੇ ਦਾ ਐਨ.ਆਰ.ਆਈ. ਵਸੋਂ ਵਾਲਾ ਵੱਡਾ ਇਲਾਕਾ ਵੀ ਹੈ। ਹਰ ਰੋਜ਼ ਜਦੋਂ ਵੱਡੀ ਗਿਣਤੀ ਵਿੱਚ ਕਾਰੋਬਾਰੀ ਅਤੇ ਪ੍ਰਵਾਸੀ ਭਾਰਤੀ ਫਗਵਾੜਾ ਪਹੁੰਚਣ ਲਈ ਇਨ੍ਹਾਂ ਖਸਤਾਹਾਲ ਸੜਕਾਂ ਤੋਂ ਲੰਘਦੇ ਹਨ, ਤਾਂ ਉਨ੍ਹਾਂ ਦੇ ਮਨਾਂ ਵਿੱਚ ਸ਼ਹਿਰ ਬਾਰੇ ਬਹੁਤ ਹੀ ਨਕਾਰਾਤਮਕ ਅਕਸ ਬਣ ਜਾਂਦਾ ਹੈ।

# *ਸਨਮਾਨ ਸੇਵਾ ਕਾਰਜਾ ਚ ਸਹਿਯੋਗ ਲਈ. ਜੱਥੇ. ਨਿਮਾਣਾ ਦੀ ਤਰੱਕੀ ਪਿੱਛੇ ਬੇਟੀ ਰਵਿੰਦਰ ਕੌਰ ਨਿਮਾਣਾ ਦਾ ਵੱਡਮੁੱਲਾ ਯੋਗਦਾਨ- ਮਾਤਾ ਵਿਪਨਪ੍ਰੀਤ ਕੌਰ*

*ਲੁਧਿਆਣਾ, ( ਸੁਖਚੈਨ ਮਹਿਰਾ )
ਇਸਤਰੀ ਜਾਤੀ ਇੱਕ ਅਜਿਹੀ ਸ਼ਕਤੀ ਦਾ ਨਾਮ ਹੈ ਜੋ ਆਪਣੀ ਉਸਾਰੂ ਤੇ ਸੁਹਿਰਦ ਸੋਚ ਰਾਹੀਂ ਸਮਾਜ ਵਿੱਚ ਜਾਗਰੂਕਤਾ ਲਿਆ ਸਕਦੀ ਹੈ, ਖਾਸ ਕਰਕੇ ਮਰਦਾਂ ਦੀ ਤਰੱਕੀ ਦੇ ਪਿੱਛੇ ਹਮੇਸ਼ਾ ਇਸਤਰੀ ਜਾਤੀ ਦਾ ਬਹੁਤ ਵੱਡਾ ਰੋਲ ਰਿਹਾ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੰਥ ਪ੍ਰਚਾਰਕ ਮਾਤਾ ਵਿਪਨਪ੍ਰੀਤ ਕੌਰ ਨੇ ਅੱਜ ਭਾਈ ਘਨੱ੍ਈਆ ਜੀ ਮਿਸ਼ਨ ਸੇਵਾ ਸੁਸਾਇਟੀ ਦੇ ਫਾਊਂਡਰ, ਮੁੱਖ ਸੇਵਾਦਾਰ ਅਤੇ ਸਟੇਟ ਐਵਾਰਡੀ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਦੀ ਸਤਿਕਾਰਯੋਗ ਸੁਪਤਨੀ ਬੀਬੀ ਰਵਿੰਦਰ ਕੌਰ ਨਿਮਾਣਾ ਨੂੰ ਸਨਮਾਨਿਤ ਕਰਨ ਮੌਕੇ ਆਪਣੀ ਦਿਲੀ ਆਸੀਸ ਦੇਂਦਿਆ ਹੋਇਆ ਕੀਤਾ।ਉਨ੍ਹਾਂ ਨੇ ਇਕੱਤਰ ਹੋਈਆਂ ਇਸਤਰੀ ਸਤਿਸੰਗ ਦੀਆਂ ਬੀਬੀਆਂ ਤੇ ਪ੍ਰਮੁੱਖ ਸ਼ਖਸ਼ੀਅਤਾਂ ਨੂੰ ਸੰਬੋਧਨ ਕਰਦਿਆਂ ਹੋਇਆ ਕਿਹਾ ਕਿ ਮਨੁੱਖੀ ਸੇਵਾ ਕਾਰਜਾਂ ਵਿੱਚ ਜੁੱਟੇ ਸਮਾਜ ਸੇਵੀ ਜੱਥੇ ਤਰਨਜੀਤ ਸਿੰਘ ਨਿਮਾਣਾ ਦੀ ਸਮੁੱਚੀ ਸਫਲਤਾ ਤੇ ਤਰੱਕੀ ਦੇ ਪਿੱਛੇ ਮੇਰੀ ਸੁਹਿਰਦ ਤੇ ਪਿਆਰੀ ਬੇਟੀ ਬੀਬੀ
ਰਵਿੰਦਰ ਕੌਰ ਨਿਮਾਣਾ ਦਾ ਬਹੁਤ ਵੱਡਾ ਯੋਗਦਾਨ ਹੈ ਕਿਉ ਕਿ ਉਸ ਦੇ ਨਿੱਘੇ ਸਹਿਯੋਗ ਤੇ ਪ੍ਰੇਣਾ ਸਦਕਾ ਹੀ ਅੱਜ ਜੱਥੇਦਾਰ ਨਿਮਾਣਾ ਸਮਾਜ ਸੇਵੀ ਕਾਰਜਾਂ ਵਿੱਚ ਸੇਵਾ ਕਰਕੇ ਦੇਸ਼, ਕੌਮ ਤੇ ਪੰਥ ਦਾ ਨਾਮ ਰੋਸ਼ਨ ਕਰ ਰਿਹਾ ਹੈ। ਜੋ ਸਾਡੇ ਸਾਰਿਆਂ ਲਈ ਮਾਣ ਵਾਲੀ ਗੱਲ ਹੈ।ਉਨ੍ਹਾਂ ਨੇ ਕਿਹਾ ਕਿ ਬੇਟੀ ਬੀਬੀ ਰਵਿੰਦਰ ਕੌਰ ਨਿਮਾਣਾ ਵਰਗੀਆਂ ਸੇਵਾ ਕਰਨ ਵਾਲੀਆਂ ਬੱਚੀਆਂ ਕੌਮ ਤੇ ਸਮਾਜ ਲਈ ਪ੍ਰੇਣਾ ਦਾ ਸਰੋਤ ਹਨ। ਇਸ ਤੋ ਪਹਿਲਾਂ ਪ੍ਰਮੁੱਖ ਸ਼ਖਸ਼ੀਅਤਾਂ ਦੀ ਹਾਜ਼ਰੀ ਵਿੱਚ ਪੰਥ ਪ੍ਰਚਾਰਕ ਮਾਤਾ ਵਿਪਨਪ੍ਰੀਤ ਕੌਰ ਨੇ ਬੀਬੀ ਰਵਿੰਦਰ ਕੌਰ ਨਿਮਾਣਾ ਨੂੰ ਉਨ੍ਹਾਂ ਦੇ ਵੱਲੋਂ ਆਪਣੇ ਪਰਿਵਾਰ ਤੇ ਪਤੀ ਪ੍ਰਤੀ ਨਿਭਾਈਆਂ ਜਾ ਰਹੀਆਂ ਵੱਡਮੁਲੀਆ ਸੇਵਾਵਾਂ ਦੇ ਮੱਦੇਨਜ਼ਰ ਸਿਰਪਾਉ ਤੱਕ ਸ਼੍ਰੀ ਸਾਹਿਬ ਭੇਟ ਕਰਕੇ ਸਨਮਾਨਿਤ ਕੀਤਾ।ਇਸ ਸਮੇਂ ਉਨ੍ਹਾਂ ਦੇ ਨਾਲ ਭਾਈ ਘਨੱ੍ਈਆ ਜੀ ਮਿਸ਼ਨ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਜੱਥੇ. ਤਰਨਜੀਤ ਸਿੰਘ ਨਿਮਾਣਾ, ਇਸਤਰੀ ਵਿੰਗ ਭਾਈ ਘੱਨ□ਈਆ ਜੀ ਮਿਸ਼ਨ ਸੇਵਾ ਸੁਸਾਇਟੀ ਪੰਜਾਬ ਪ੍ਰਧਾਨ ਬੀਬੀ ਸ਼ਵਿੰਦਰ ਕੌਰ ਖਾਲਸਾ, ਸ.ਗੁਰਮੀਤ ਸਿੰਘ ਪ੍ਰਧਾਨ ਗੁ.ਸ਼੍ਰੀ ਕਲਗੀਧਰ ਸਿੰਘ ਸਭਾ, ਜਰਨੈਲ ਸਿੰਘ ਮਨਿੰਦਰ ਸਿੰਘ ਆਹੂਜਾ ਅਤੇ ਇਸਤਰੀ ਵਿੰਗ ਦੀਆਂ ਬੀਬੀਆਂ ਸਮੇਤ ਕਈ ਪ੍ਰਮੁੱਖ ਸ਼ਖਸ਼ੀਅਤਾਂ ਹਾਜਰ ਸਨ। *



# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਾਕੂਵਾਲਾ ਵਿਖੇ ਕੌਮਾਂਤਰੀ ਜਲਗਾਹ ਦਿਵਸ ਮੌਕੇ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ




ਸ਼੍ਰੀ ਮੁਕਤਸਰ ਸਾਹਿਬ, (ਲੋਕ ਬਾਣੀ)- ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਾਕੂਵਾਲਾ ਵਿਖੇ ਪ੍ਰਿੰਸੀਪਲ ਮੈਡਮ ਰੇਨੂ ਬਾਲਾ ਅਤੇ ਸਾਇੰਸ ਅਧਿਆਪਕ ਰਾਜਿੰਦਰ ਸਿੰਘ ਦੀ ਅਗਵਾਈ ਹੇਠ ਕੌਮਾਂਤਰੀ ਜਲਗਾਹ ਦਿਵਸ ਮਨਾਇਆ ਗਿਆ। ਇਸ ਅਧੀਨ ਸਕੂਲ ਵਿੱਚ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ। ਵਿਦਿਆਰਥੀਆਂ ਦੇ ਜਲਗਾਹ ਅਤੇ ਪਾਣੀ ਨੂੰ ਬਚਾਉਣ ਲਈ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ। ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਸਕੂਲ਼ ਵਿੱਚ ਅਤੇ ਸਕੂਲ਼ ਦੇ ਬਾਹਰ ਚਾਰਦੀਵਾਰੀ ਦੇ ਨਾਲ ਪੌਦੇ ਲਗਾਏ ਗਏ। ਬੱਚਿਆਂ ਨੇ ਇਹਨਾਂ ਸਭ ਗਤੀਵਿਧੀਆਂ ਵਿੱਚ ਬਹੁਤ ਉਤਸ਼ਾਹ ਨਾਲ ਭਾਗ ਲਿਆ।

# ਦਿਆਲਬਾਗ ਸਮੱਸਿਆਵਾਂ ਵਿਰੁੱਧ ਜਿੱਤ ਵਜੋਂ ਜਨਤਕ ਸਮਰਥਨ ਦੀ ਲੋੜ ਹੈ

ਕਾਨਪੁਰ। ( ਸੁਨੀਲ ਬਾਜਪਾਈ) ਮੇਰੇ ਜੀਵਨ ਦਾ ਇੱਕੋ ਇੱਕ ਉਦੇਸ਼ ਆਮ ਜਨਤਾ ਨੂੰ ਮਰਦੇ ਦਮ ਤੱਕ ਹਰ ਤਰੀਕੇ ਨਾਲ ਬਚਾਉਣਾ ਹੈ, ਜਿਸ ਲਈ ਇੱਕ ਸੇਵਕ ਹੋਣ ਦੇ ਨਾਤੇ ਮੇਰੇ ਲਈ ਜਨਤਾ ਦਾ ਅਸ਼ੀਰਵਾਦ ਅਤੇ ਉਨ੍ਹਾਂ ਦਾ ਪੂਰਨ ਸਹਿਯੋਗ ਵੀ ਬਹੁਤ ਜ਼ਰੂਰੀ ਹੈ।

ਇਹ ਗੱਲ ਇਕ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਜਿਤੇਂਦਰ ਭਡਾਨਾ ਜਿਤੇਂਦਰ ਭਡਾਨਾ, ਜੋ ਕਿ ਫਰੀਦਾਬਾਦ ਦੇ ਵਾਰਡ 23 ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜ ਚੁੱਕੇ ਸਨ, ਜਿਸ ਦੀ ਵੋਟਰ ਗਿਣਤੀ 22,000 ਦੇ ਕਰੀਬ ਹੈ।

ਅਜ਼ਾਦ ਉਮੀਦਵਾਰ ਜਤਿੰਦਰ ਭਡਾਨਾ ਜੋ ਕਿ ਸਮਾਜ ਸੇਵੀ ਵਜੋਂ ਵੀ ਜਾਣੇ ਜਾਂਦੇ ਹਨ ਜੋ ਹਰ ਇੱਕ ਦੇ ਦੁੱਖ-ਸੁੱਖ ਵਿੱਚ ਹਮੇਸ਼ਾ ਨਾਲ ਖੜੇ ਹਨ ਅਤੇ ਸ਼ੁਰੂ ਤੋਂ ਹੀ ਲੋਕ ਸਮਸਿਆਵਾਂ ਦੇ ਖਿਲਾਫ ਸੰਘਰਸ਼ ਵਿੱਚ ਮੋਹਰੀ ਸਮਾਜ ਸੇਵੀ ਰਹੇ ਹਨ, ਨੇ ਸਹੁੰ ਚੁੱਕਦੇ ਹੋਏ ਇਹ ਵੀ ਕਿਹਾ ਕਿ ਜੇਕਰ ਮੈਨੂੰ ਚੋਣਾਂ ਵਿੱਚ ਜਿੱਤ ਦੇ ਰੂਪ ਵਿੱਚ ਜਨਤਾ ਦਾ ਅਸ਼ੀਰਵਾਦ ਮਿਲਿਆ ਤਾਂ ਮੈਂ ਮਰਦੇ ਦਮ ਤੱਕ ਲੋਕਾ ਦੇ ਹਿੱਤ ਵਿੱਚ ਸਮੱਸਿਆਵਾਂ ਦੇ ਖਿਲਾਫ ਆਪਣੇ ਕਦਮਾਂ ਨੂੰ ਨਹੀਂ ਰੋਕਾਂਗਾ। ਮੈਂ ਵਾਰਡ 23 ਦੇ ਲੋਕਾਂ ਦੀ ਭਲਾਈ ਲਈ ਆਪਣੀ ਜਾਨ



ਵੀ ਕੁਰਬਾਨ ਕਰ ਦੇਵਾਂਗਾ।

ਇਸ ਦੌਰਾਨ ਕਾਨਪੁਰ ਵਾਸੀ ਮਨੋਹਰ ਰਾਜ ਮਿਸ਼ਰਾ, ਮਨੀਸ਼ ਮਿਸ਼ਰਾ ਅਤੇ ਮਾਸਟਰ ਛਵੀ ਨਾਥ, ਯੋਗੇਸ਼ ਗੁਪਤਾ, ਜਯੰਤ ਸਿੰਘ, ਨਰੇਸ਼ ਸਿੰਘ, ਫਰੀਦਾਬਾਦ ਦਿਆਲਬਾਗ ਵਾਰਡ ਨੰਬਰ 23 ਦੇ ਸਮਾਜ ਸੇਵੀ ਅਜੈ ਸਿੰਘ ਪ੍ਰਧਾਨ ਦੀ ਅਗਵਾਈ ਚ ਲੋਕਾਂ ਦੇ ਚਹੇਤੇ ਉਮੀਦਵਾਰ ਜਿਤੇਂਦਰ ਭੜਾਣਾ ਦੀ ਮਜ਼ਬੂਤ ਵੋਟ ਦੇ ਤੌਰ ਤੇ ਚੋਣ ਜਿੱਤਣ ਲਈ ਪੂਰੀ ਤਨਦੇਹੀ ਨਾਲ ਕੰਮ ਕੀਤਾ , ਹਰ ਧਰਮ ਅਤੇ ਹਰ ਵਰਗ ਆਪਣੀ ਚਾਲ ਦੇ ਬਲ ਤੇ। , ਮੁਕੇਸ਼ ਸਹਾਏ ਆਦਿ ਦੀ ਸਹਿਯੋਗੀ ਵੋਟਰਾਂ ਦੀ ਟੀਮ ਨੇ ਇਹ ਵੀ ਦਾਅਵਾ ਕੀਤਾ ਕਿ ਲੋਕਾਂ ਵੱਲੋਂ ਮਿਲ ਰਿਹਾ ਅਥਾਹ ਪਿਆਰ ਅਤੇ ਸਮਰਥਨ ਇਹ ਯਕੀਨੀ ਬਣਾਏਗਾ ਕਿ ਵਾਰਡ 23 ਤੋਂ ਆਜ਼ਾਦ ਉਮੀਦਵਾਰ ਜਤਿੰਦਰ ਭਡਾਨਾ ਜੀਤੇ ਭਾਈ ਨੂੰ ਵੱਡੇ ਫਰਕ ਨਾਲ ਜਿੱਤ ਦਿਵਾਏਗੀ।

ਇਸ ਦੌਰਾਨ ਉਨ੍ਹਾਂ ਦੇ ਸਮਰਥਕ- ਉਨ੍ਹਾਂ ਦਾ ਕੋਈ ਕਸੂਰ ਨਹੀਂ ਹੈ, ਜਤਿੰਦਰ ਭਡਾਨਾ ਨੂੰ ਵੋਟ ਦਿਓ। ਜੋ ਸੁਖ ਲੋਕ ਹਿਤ ਵਿਚ ਹੋਵੇ ਉਸ ਨੂੰ ਜੀਤੇ ਭਾਈ ਕਹਿੰਦੇ ਹਨ। ਕੋਈ ਮਸਲਾ ਨਹੀਂ ਰਹਿ ਗਿਆ, ਜਿਤੇ ਭਈਆ ਦਾ ਟੀਚਾ। ਕੰਮ, ਕੋਈ ਬਹਾਨਾ ਨਹੀਂ, ਜਤਿੰਦਰ ਭਡਾਨਾ ਕਹਿੰਦਾ ਹੈ। ਉਹ ਵਾਰਡ ਨੂੰ ਸਵਰਗ ਬਣਾਉ ਅਤੇ ਜੇਤੂ ਨੂੰ ਜਿਤਾਉਣ ਦੇ ਨਾਅਰੇ ਲਗਾਉਂਦੇ ਵੀ ਦੇਖੇ ਗਏ।

# ਰਕੋਸਾ ਦੀ ਤੀਸਰੀ ਸਾਲਾਨਾ ਐਲੂਮਨੀ ਮੀਟ



ਫਗਵਾੜਾ, (ਸੁਸ਼ੀਲ ਸ਼ਰਮਾ ) ਰਾਮਗੜੀਆ ਕਾਲਜ ਓਲਡ ਸਟੂਡੈਂਟਸ ਐਸੋਸੀਏਸ਼ਨ(ਰਕੋਸਾ) ਦੀ ਤੀਸਰੀ ਸਾਲਾਨਾ ਐਲੂਮਨੀ ਮੀਟ ਇਕ ਸਥਾਨਕ ਹੋਟਲ ਵਿਚ ਹੋਈ।ਇਸ ਦੀ ਪ੍ਰਧਾਨਗੀ ਬਲਬੀਰ ਸਿੰਘ ਸੂਦਨ,ਆਈ.ਏ.ਐੱਸ., ਸੇਵਾ-ਮੁਕਤ ਗ੍ਰਹਿ ਸਕੱਤਰ, ਪੰਜਾਬ ਨੇ ਕੀਤੀ।

ਮੀਟਿੰਗ ਦੀ ਸ਼ੁਰੂਆਤ ਰਕੋਸਾ ਦੇ ਜਨਰਲ ਸਕੱਤਰ ਸਰਬਜੀਤ ਸਿੰਘ ਭੱਟੀ ਨੇ ਕੀਤੀ।

ਇਸ ਮਿੱਤਰ-ਮਿਲਣੀ ਨੂੰ ਸੰਬੋਧਨ ਕਰਦਿਆਂ ਰਕੋਸਾ ਦੇ ਪ੍ਰਧਾਨ ਬਲਬੀਰ ਸਿੰਘ ਸੂਦਨ ਨੇ ਕਿਹਾ ਕਿ ਰਕੋਸਾ ਦੋ ਮੁੱਖ ਮੰਤਵਾਂ ਉਪਰ ਕੰਮ ਕਰਦੀ ਹੈ,ਜਿਹਨਾਂ ਵਿਚ ਕਾਲਜ ਦੇ ਪੁਰਾਣੇ ਸਾਥੀਆਂ ਨਾਲ ਮੇਲ-ਮਿਲਾਪ ਕਰਕੇ ਆਪਣੇ ਵਿਦਿਆਰਥੀ ਜੀਵਨ ਦੇ ਸੁਨਹਿਰੀ ਪਲਾਂ ਨੂੰ ਮੁੜ ਤੋਂ ਜੀਊਣਾ ਅਤੇ ਕਾਲਜ ਦੇ ਵਿਕਾਸ ਅਤੇ ਮੌਜੂਦਾ ਵਿਦਿਆਰਥੀਆਂ ਦੇ ਭਵਿੱਖ ਨੂੰ ਉਜਵਲ ਕਰਨ ਹਿਤ ਆਪਣਾ ਯੋਗਦਾਨ ਪਾਉਣਾ ਸ਼ਾਮਿਲ ਹਨ।

ਇਸ ਮੌਕੇ ਰਕੋਸਾ ਦੀ ਕਾਰਜਕਰਨੀ ਦੀ ਮੀਟਿੰਗ ਵਿਚ ਕਾਲਜ ਦੇ 10 ਲੋੜਵੰਦ ਵਿਦਿਆਰਥੀਆਂ ਨੂੰ ਸਾਈਕਲ ਦਿਤੇ ਜਾਣ ਦੇ ਫੈਸਲੇ ਬਾਰੇ ਵੀ ਦਸਿਆ ਗਿਆ।ਪ੍ਰਧਾਨ ਨੇ ਰਕੋਸਾ ਦੀ ਮੈਂਬਰਸ਼ਿਪ ਵਧਾਉਣ ਉਪਰ ਵੀ ਜ਼ੋਰ ਦਿਤਾ।

ਰਕੋਸਾ ਵਲੋਂ ਕੁਸ਼ਤੀ ਦੇ ਸਾਬਕਾ ਕੌਮਾਂਤਰੀ ਕੋਚ ਪੀ.ਆਰ.ਸੋਂਧੀ,ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ, ਖਿਆਲਾ ਦੇ ਉੱਪ-ਕੁਲਪਤੀ ਡਾ. ਧਰਮਜੀਤ ਸਿੰਘ ਪਰਮਾਰ ਅਤੇ ਕਾਲਜ ਦੇ ਅਰਥਸ਼ਾਸਤਰ ਦੇ ਪ੍ਰੋਫੈਸਰ ਤੀਰਥ ਸਿੰਘ ਸੰਧੂ ਨੂੰ ਲੋਈ ਅਤੇ ਮਮੈਂਟੋ ਦੇ ਕੇ ਸਨਮਾਨਤ ਕੀਤਾ ਗਿਆ।ਪ੍ਰੋ.ਸੰਧੂ ਦਾ ਸਨਮਾਨ ਉਹਨਾਂ ਦੇ ਬਦੇਸ਼ ਵਿਚ ਹੋਣ ਕਾਰਨ ਸਰਬਜੀਤ ਸਿੰਘ ਭੱਟੀ ਨੇ ਲਿਆ।

ਬਲਬੀਰ ਸੂਦਨ ਅਤੇ ਸਰਬਜੀਤ ਭੱਟੀ ਤੋਂ ਇਲਾਵਾ ਇਸ ਐਲੂਮਨੀ ਮੀਟ ਵਿਚ ਸਤਪਾਲ ਸੇਠੀ,ਜਗਦੀਸ਼ ਮਹੇ,ਪ੍ਰੋ. ਜਸਵੰਤ ਸਿੰਘ ਗੰਡਮ,ਪ੍ਰੋ. ਅਸ਼ੋਕ ਚੱਢਾ,ਡਾ.ਧਰਮਜੀਤ ਸਿੰਘ ਪਰਮਾਰ,ਪੀ.ਆਰ.ਸੋਂਧੀ,ਐਡਵੋਕੇਟ ਕਸ਼ਮੀਰ ਸਿੰਘ ਮੱਲ੍ਹੀ, ਮਲਕੀਅਤ ਸਿੰਘ ਰਘਬੋਤਰਾ,ਦਲਵਿੰਦਰ ਸਿੰਘ ਜੱਸਲ,ਮਨੋਜ ਕੁਮਾਰ ਮਿੱਢਾ, ਪ੍ਰੇਮ ਪਾਲ ਪੱਬੀ,ਮੁਖਿੰਦਰ ਸਿੰਘ,ਗਿਆਨ ਸਿੰਘ,ਸ਼ੇਸ਼ ਪਾਲ,ਓਮ ਪ੍ਰਕਾਸ਼ ਸ਼ਰਮਾ,ਡਾ.ਸੁਰਿੰਦਰ ਸੁਮਨ,ਗੁਰਨਾਮ ਸਿੰਘ,ਰਾਮ ਲੁਭਾਇਆ,ਦਿਆਲ ਸਿੰਘ ਰਾਣਾ,ਪ੍ਰਿੰਸੀਪਲ ਮਨਜੀਤ ਸਿੰਘ ਸ਼ਾਮਿਲ ਸਨ।

# ਪੰਜਾਬ ਮੰਡੀ ਬੋਰਡ ਵੱਲੋਂ ਮੰਡੀਆਂ ਦੀ ਗੰਦਗੀ ਨੂੰ ਲੈ ਕੇ ਸਖ਼ਤ ਐਕਸ਼ਨ, ਅਬੋਹਰ ਤੇ ਜਲਾਲਾਬਾਦ ਦੀਆਂ ਮੰਡੀਆਂ ਵਿੱਚ ਸਫ਼ਾਈ ਮੁਹਿੰਮ ਦੀ ਸ਼ੁਰੂਆਤ





(ਲੋਕ ਬਾਣੀ) ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੂੰ ਸੂਬੇ ਦੀਆਂ ਸਬਜ਼ੀ ਮੰਡੀਆਂ ਅਤੇ ਦਾਣਾ ਮੰਡੀਆਂ ਵਿੱਚ ਸਫਾਈ ਦੀ ਮਾੜੀ ਹਾਲਤ ਦੀਆ ਲਗਾਤਾਰ ਮਿਲ ਰਹੀਆਂ ਸ਼ਿਕਾਇਤਾਂ ‘ਤੇ ਤੁਰੰਤ ਕਾਰਵਾਈ ਕਰਦਿਆਂ, ਉਨ੍ਹਾਂ ਨੇ ਸੂਬੇ ਦੇ ਸਮੂਹ ਜ਼ਿਲ੍ਹਾ ਮੰਡੀ ਅਫ਼ਸਰ ਅਤੇ ਸਮੂਹ ਸਕੱਤਰ ਮਾਰਕਿਟ ਕਮੇਟੀਆਂ ਨੂੰ ਇੱਕ ਪੱਤਰ ਜਾਰੀ ਕਰਕੇ ਸਖ਼ਤ ਹਦਾਇਤਾਂ ਦਿੱਤੀਆਂ ਹਨ। ਉਨ੍ਹਾਂ ਹੁਕਮ ਦਿੱਤੇ ਹਨ ਕਿ 7 ਦਿਨਾਂ ਦੇ ਅੰਦਰ-ਅੰਦਰ ਯਕੀਨੀ ਬਣਾਇਆ ਜਾਵੇ ਕਿ ਉਨ੍ਹਾਂ ਦੇ ਜ਼ਿਲ੍ਹਿਆਂ ਅਧੀਨ ਆਉਂਦੀਆਂ ਸਾਰੀਆਂ ਮੰਡੀਆਂ ਦੀ ਪੂਰੀ ਤਰਾਂ ਸਫ਼ਾਈ ਹੋਵੇ। ਉਨ੍ਹਾਂ ਇਹ ਵੀ ਚਿਤਾਵਨੀ ਦਿੱਤੀ ਕਿ 7 ਦਿਨਾਂ ਬਾਅਦ ਪੰਜਾਬ ਦੀ ਕਿਸੇ ਵੀ ਮੰਡੀ ਦੀ ਅਚਾਨਕ ਜਾਂਚ ਕੀਤੀ ਜਾਵੇਗੀ। ਜੇਕਰ ਕਿਸੇ ਮੰਡੀ ਦੀ ਸਫ਼ਾਈ ਤਸੱਲੀਬਖ਼ਸ਼ ਨਾ ਹੋਈ, ਤਾਂ ਉਨ੍ਹਾਂ ਮੰਡੀਆਂ ਦੇ ਸਕੱਤਰ ਮਾਰਕਿਟ ਕਮੇਟੀ ਅਤੇ ਸੰਬੰਧਤ ਜ਼ਿਲ੍ਹਾ ਮੰਡੀ ਅਫ਼ਸਰ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।ਇਨ੍ਹਾਂ ਹੁਕਮਾਂ ਦੀ ਪੂਰੀ ਪਾਲਨਾ ਯਕੀਨੀ ਬਣਾਉਣ ਲਈ ਸਕੱਤਰ ਮਾਰਕਿਟ ਕਮੇਟੀ ਅਬੋਹਰ ਵਾਧੂ ਚਾਰਜ ਜਲਾਲਾਬਾਦ ਬਲਜਿੰਦਰ ਸਿੰਘ ਵੱਲੋਂ ਅਬੋਹਰ ਅਤੇ ਜਲਾਲਾਬਾਦ ਦੀ ਮੁੱਖ ਅਨਾਜ ਮੰਡੀ ਵਿੱਚ ਸਫ਼ਾਈ ਮੁਹਿੰਮ ਦੀ ਸ਼ੁਰੂਆਤ ਕਰਵਾਈ ਗਈ। ਉਨ੍ਹਾਂ ਸਮੂਹ ਕਰਮਚਾਰੀਆਂ ਨੂੰ ਹਦਾਇਤ ਦਿੱਤੀ ਕਿ ਮੰਡੀਆਂ ਦੀ ਸਾਫ-ਸਫਾਈ ਨੂੰ ਯਕੀਨੀ ਬਣਾਇਆ ਜਾਵੇ ਅਤੇ ਮੰਡੀਆਂ ਵਿੱਚ ਕਿੱਥੇ ਵੀ ਕੂੜਾ ਨਾ ਹੋਵੇ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਕੱਤਰ ਬਲਜਿੰਦਰ ਸਿੰਘ ਨੇ ਦੱਸਿਆ ਕਿ ਇਸ ਮੁਹਿੰਮ ਤਹਿਤ, ਸਬਜ਼ੀ ਮੰਡੀ ਅਤੇ ਦਾਣਾ ਮੰਡੀ ਵਿੱਚ ਜੰਮੇ ਗੰਦ, ਕੂੜਾ-ਕਰਕਟ ਅਤੇ ਗੰਦੀ ਨਿਕਾਸੀ ਪ੍ਰਣਾਲੀ ਨੂੰ ਠੀਕ ਕਰਨ ਲਈ ਵਿਸ਼ੇਸ਼ ਤੌਰ ‘ਤੇ ਉਪਰਾਲੇ ਕੀਤੇ ਜਾ ਰਹੇ ਹਨ। ਇਸ ਮੌਕੇ ਉਨ੍ਹਾਂ ਸਬਜ਼ੀ ਮੰਡੀ ਦੇ ਸਮੂਹ ਆੜ੍ਹਤੀਆਂ ਨੂੰ ਵੀ ਅਪੀਲ ਕਰਦਿਆਂ ਕਿਹਾ ਕਿ ਵਾਤਾਵਰਣ ਦੀ ਸ਼ੁੱਧਤਾ ਨੂੰ ਮੁੱਖ ਰੱਖਦਿਆਂ ਹੋਏ ਸਬਜ਼ੀ ਮੰਡੀ ਵਿੱਚ ਗਲੀਆਂ ਸੜੀਆਂ ਸਬਜ਼ੀਆਂ ਮੰਡੀ ਵਿੱਚ ਨਾ ਸੁੱਟੀਆਂ ਜਾਣ। ਉਨ੍ਹਾਂ ਕਿਹਾ ਕਿ ਮੰਡੀ ਵਿੱਚ ਗੰਦਗੀ ਫੈਲਾਉਣ ਅਤੇ ਗਲੀਆਂ ਸੜੀਆਂ ਸਬਜ਼ੀਆਂ ਸੁੱਟਣ ਵਾਲਿਆਂ ਦੇ ਫੜੇ ਜਾਣ ਤੋਂ ਬਾਅਦ ਸਖ਼ਤ ਕਾਰਵਾਈ ਕੀਤੀ ਜਾਵੇਗੀ। ਸਕੱਤਰ ਬਲਜਿੰਦਰ ਸਿੰਘ ਨੇ ਸਮੂਹ ਕਿਸਾਨਾਂ, ਮਜ਼ਦੂਰਾਂ, ਆੜ੍ਹਤੀਆਂ, ਵਪਾਰੀਆਂ ਅਤੇ ਮੰਡੀਆਂ ਵਿੱਚ ਆਉਣ ਵਾਲੇ ਲੋਕਾਂ ਨੂੰ ਇਸ ਮੁਹਿੰਮ ਨਾਲ ਜੁੜਨ ਦੀ ਅਪੀਲ ਕੀਤੀ ਤਾਂ ਜੋ ਮੰਡੀ ਨੂੰ ਸਾਫ਼ ਸੁਥਰਾ ਰੱਖਿਆ ਜਾ ਸਕੇ।

# ਵਰੇਗੰਢ ਮੁਬਾਰਕ



ਰਾਜੇਸ਼ ਕੁਮਾਰ ਪਤਨੀ ਕੋਮਲ ਪਿੰਡ ਪਾਹੜਾ ਜਿਲਾ ਗੁਰਦਾਸਪੁਰ ਵੱਲੋਂ ਵਿਆਹ ਦੀ ਪਹਿਲੀ ਵਰੇਗੰਢ ਮਨਾਈ ਗਈ।

# ਅੰਜੂ ਮੋਦਗਿਲ ਨੂੰ ਅਮਰੀਕੀ ਯੂਨੀਵਰਸਿਟੀ ਵੱਲੋਂ ਆਨਰੇਰੀ ਪੀਐਚਡੀ ਦੀ ਡਿਗਰੀ ਦਿੱਤੀ ਜਾਵੇਗੀ



ਚੰਡੀਗੜ੍ਹ। (ਲੋਕ ਬਾਣੀ) ਸਰੀਰਕ ਸਿੱਖਿਆ ਦੇ ਖੇਤਰ ਵਿੱਚ ਅੰਜੂ ਮੋਦਗਿਲ ਦੇ ਲੰਬੇ ਤਜ਼ਰਬੇ ਨੂੰ ਧਿਆਨ ਵਿੱਚ ਰੱਖਦੇ ਹੋਏ, ਅਮਰੀਕੀ ਯੂਨੀਵਰਸਿਟੀ ਉਨ੍ਹਾਂ ਨੂੰ ਪੀਐਚਡੀ ਦੀ ਆਨਰੇਰੀ ਡਿਗਰੀ ਨਾਲ ਸਨਮਾਨਿਤ ਕਰੇਗੀ। ਇਸ ਵੇਲੇ ਉਹ ਮਹਾਂਰਿਸ਼ੀ ਦਯਾਨੰਦ ਪਬਲਿਕ ਸਕੂਲ, ਐਮਡੀਏਵੀ ਭਵਨ, ਦਰਿਆ, ਚੰਡੀਗੜ੍ਹ ਵਿੱਚ ਵਾਈਸ ਪ੍ਰਿੰਸੀਪਲ ਦਾ ਅਹੁਦਾ ਸੰਭਾਲ ਰਹੇ ਹਨ। ਸੀਬੀਐਸਈ ਨਾਲ ਸਬੰਧਤ ਸਕੂਲ ਵਿੱਚ ਲਗਭਗ 25 ਸਾਲਾਂ ਤੱਕ ਆਪਣੀ ਸੇਵਾ ਦੌਰਾਨ, ਉਨ੍ਹਾਂ ਦੇ ਖਿਡਾਰੀਆਂ ਨੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਦੇਸ਼ ਦਾ ਨਾਮ ਰੌਸ਼ਨ ਕੀਤਾ ਹੈ। ਇਹ ਸਨਮਾਨ ਉਨ੍ਹਾਂ ਨੂੰ ਹਯਾਤ ਸੈਂਟਰਿਕ ਹੋਟਲ, ਜਨਕਪੁਰੀ, ਦਿੱਲੀ ਵਿਖੇ ਇੱਕ ਵਿਸ਼ੇਸ਼ ਪ੍ਰੋਗਰਾਮ ਦੌਰਾਨ ਦਿੱਤਾ ਜਾਵੇਗਾ।

# 30,000 ਰੁਪਏ ਰਿਸ਼ਵਤ ਲੈਂਦਾ ਸਿਵਲ ਹਸਪਤਾਲ ਦਾ ਵਾਰਡ ਅਟੈਂਡੈਂਟ ਵਿਜੀਲੈਂਸ ਬਿਊਰੋ ਵੱਲੋਂ ਕਾਬੂ



ਗੁਰਦਾਸਪੁਰ-ਨਵਨੀਤ ਕੁਮਾਰ –
ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਪੰਜਾਬ ਵਿਜੀਲੈਂਸ ਬਿਊਰੋ ਨੇ ਅੱਜ ਸਿਵਲ ਸਰਜਨ, ਦਫ਼ਤਰ, ਗੁਰਦਾਸਪੁਰ ਵਿਖੇ ਤਾਇਨਾਤ ਵਾਰਡ ਅਟੈਂਡੈਂਟ ਰਵਿੰਦਰਪਾਲ ਸਿੰਘ ਨੂੰ 30,000 ਰੁਪਏ ਰਿਸ਼ਵਤ ਲੈਂਦਿਆਂ ਰੰਗੀ ਹੱਥੀਂ ਕਾਬੂ ਕੀਤਾ ਹੈ।
ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਗੁਰਦਾਸਪੁਰ ਜ਼ਿਲ੍ਹੇ ਦੀ ਤਹਿਸੀਲ ਬਟਾਲਾ ਦੇ ਪਿੰਡ ਫੁਲਕੇ ਦੇ ਵਸਨੀਕ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਗਾਇਆ ਹੈ ਕਿ ਉਸਨੇ ਆਪਣੇ ਚਾਚੇ ਦੇ ਮੌਤ ਦੇ ਸਰਟੀਫਿਕੇਟ ਲਈ ਬਿਨੈ ਕੀਤਾ ਸੀ ਅਤੇ ਉਕਤ ਮੁਲਜ਼ਮ ਨੇ ਮੌਤ ਦਾ ਸਰਟੀਫਿਕੇਟ ਜਾਰੀ ਕਰਵਾਉਣ ਬਦਲੇ 40,000 ਰੁਪਏ ਰਿਸ਼ਵਤ ਦੀ ਮੰਗ ਕੀਤੀ ਪਰ ਸੌਦਾ 30,000 ਰੁਪਏ ਵਿੱਚ ਤੈਅ ਹੋ ਗਿਆ।
ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਉਪਰੰਤ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾ ਕੇ ਉਕਤ ਮੁਲਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਮੌਜੂਦਗੀ ਵਿੱਚ ਸ਼ਿਕਾਇਤਕਰਤਾ ਤੋਂ 30,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਊਰੋ ਦੇ ਥਾਣਾ, ਅੰਮ੍ਰਿਤਸਰ ਰੇਂਜ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਮੁਲਜ਼ਮ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਖਾਲਸਾ ਕਾਲਜ ਨੇ ਗਣਤੰਤਰ ਦਿਵਸ ਪਰੇਡ 'ਚ ਹਿੱਸਾ ਲੈਣ ਵਾਲੇ ਐਨ. ਸੀ. ਸੀ. ਕੈਡਿਟਾਂ ਨੂੰ ਕੀਤਾ ਸਨਮਾਨਿਤ



ਅੰਮ੍ਰਿਤਸਰ, (ਲੋਕ ਬਾਣੀ)–ਖਾਲਸਾ ਕਾਲਜ ਦੇ 2 ਐਨ. ਸੀ. ਸੀ. ਕੈਡਿਟਾਂ ਨੂੰ ਨਵੀਂ ਦਿੱਲੀ ਵਿਖੇ ਗਣਤੰਤਰ ਦਿਵਸ ਪਰੇਡ 'ਚ ਹਿੱਸਾ ਲੈਣ ਦੇ ਬਾਅਦ ਕੈਂਪਸ ਵਿਖੇ ਪੁੱਜਣ 'ਤੇ ਕਾਰਜਕਾਰੀ ਪ੍ਰਿੰਸੀਪਲ ਡਾ. ਅਰਵਿੰਦਰ ਕੌਰ ਕਾਹਲੋਂ ਵੱਲੋਂ ਸਨਮਾਨਿਤ ਕੀਤਾ।
ਇਸ ਸਬੰਧੀ ਪ੍ਰਿੰ: ਡਾ. ਕਾਹਲੋਂ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਉਕਤ ਪਰੇਡ 'ਚ ਹਿੱਸਾ ਲੈਣਾ ਭਾਗੀਦਾਰਾਂ ਲਈ ਬਹੁਤ ਖੁਸ਼ਨਸੀਬੀ ਵਾਲੀ ਗੱਲ ਹੈ, ਜੋ ਅਨੁਸ਼ਾਸਨ, ਸਮਰਪਣ, ਦੇਸ਼ ਭਗਤੀ ਅਤੇ ਰਾਸ਼ਟਰੀ ਏਕਤਾ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਫੌਜ ਅਤੇ ਨੇਵਲ ਵਿੰਗ 'ਚੋਂ ਕੈਡਿਟਾਂ ਦੀ ਚੋਣ ਨਾ ਸਿਰਫ਼ ਸਨਮਾਨ ਦਿਵਾਉਂਦੀ ਹੈ, ਬਲਕਿ ਕਾਲਜ ਲਈ ਇਕ ਮਾਣ ਵਾਲਾ ਪਲ ਵੀ ਸਿਰਜਦੀ ਹੈ।
ਉਨ੍ਹਾਂ ਕਿਹਾ ਕਿ ਐਨ. ਸੀ. ਸੀ. ਨੇਵਲ ਵਿੰਗ ਦੇ ਕੈਡਿਟ ਹਰਸ਼ਪ੍ਰੀਤ ਸਿੰਘ ਅਤੇ ਆਰਮੀ ਵਿੰਗ ਦੇ ਕੈਡਿਟ ਜਗਰੂਪ ਸਿੰਘ ਨੇ ਇਕ ਚੁਣੌਤੀਪੂਰਨ ਚੋਣ ਪ੍ਰੀਕ੍ਰਿਆ 'ਚੋਂ ਗੁਜ਼ਰਦਿਆਂ ਪੰਜਾਬ, ਹਰਿਆਣਾ, ਹਿਮਾਚਲ ਅਤੇ ਚੰਡੀਗੜ੍ਹ ਟੁਕੜੀ 'ਚ ਆਪਣਾ ਸਥਾਨ ਪ੍ਰਾਪਤ ਕਰਨ ਤੋਂ ਪਹਿਲਾਂ ਕਈ ਕੈਂਪਾਂ ਦਾ ਹਿੱਸਾ ਬਣੇ। ਉਨ੍ਹਾਂ ਨੂੰ ਅਕਤੂਬਰ ਤੋਂ ਦਸੰਬਰ ਦੌਰਾਨ ਆਯੋਜਿਤ ਚੋਣ ਕੈਂਪਾਂ 'ਚ ਸ਼ਾਨਦਾਰ ਪ੍ਰਦਰਸ਼ਨ ਕਰਨ ਤੋਂ ਬਾਅਦ ਚੁਣਿਆ ਗਿਆ ਸੀ। ਉਹ ਪਰੇਡ ਦੌਰਾਨ ਪ੍ਰਧਾਨ ਮੰਤਰੀ ਦੀ ਰੈਲੀ ਅਤੇ ਹੋਰ ਮਹੱਤਵਪੂਰਨ ਸਮਾਗਮਾਂ ਦਾ ਵੀ ਹਿੱਸਾ ਸਨ।
ਇਸ ਮੌਕੇ ਪ੍ਰਿੰ: ਡਾ. ਕਾਹਲੋਂ ਨੇ ਆਰਮੀ ਵਿੰਗ ਇੰਚਾਰਜ ਡਾ. ਹਰਬਿਲਾਸ ਸਿੰਘ ਅਤੇ ਨੇਵਲ ਵਿੰਗ ਇੰਚਾਰਜ ਡਾ. ਪਰਮਿੰਦਰ ਸਿੰਘ ਵੱਲੋਂ ਉਕਤ ਕੈਡਿਟਾਂ ਨੂੰ ਦਿੱਤੇ ਗਏ ਸਮਰਥਨ ਅਤੇ ਮਾਰਗਦਰਸ਼ਨ ਲਈ ਕੀਤੇ ਯਤਨਾਂ ਦੀ ਵੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਸ ਸਬੰਧੀ ਕਰਨਲ ਪਵਨਦੀਪ ਸਿੰਘ ਬੱਲ ਕਮਾਂਡਿੰਗ ਅਫ਼ਸਰ 1 ਪੀ. ਬੀ. ਬੀ. ਐਨ. ਐਨ. ਸੀ. ਸੀ. ਅਤੇ ਸੀ. ਓ. ਅਜੇ ਸ਼ਰਮਾ 2 ਪੀ. ਬੀ. ਨੇਵਲ ਐਨ. ਸੀ. ਸੀ. ਨੇ ਵਿਚਾਰ ਸਾਂਝੇ ਕੀਤੇ ਹਨ ਕਿ ਉਪਰੋਕਤ ਕੈਡਿਟ ਐਨ. ਸੀ. ਸੀ. ਕੈਡਿਟਾਂ ਲਈ ਮਸ਼ਾਲਧਾਰੀ ਹੋਣਗੇ। ਉਨ੍ਹਾਂ ਨੇ ਹਥਿਆਰਬੰਦ ਸੈਨਾਵਾਂ 'ਚ ਇਨ੍ਹਾਂ ਕੈਡਿਟਾਂ ਦੇ ਭਵਿੱਖ ਦੀਆਂ ਸੰਭਾਵਨਾਵਾਂ 'ਚ ਆਪਣਾ ਵਿਸ਼ਵਾਸ ਪ੍ਰਗਟ ਕੀਤਾ ਹੈ।

# ਡਿਪਟੀ ਕਮਿਸ਼ਨਰ ਵੱਲੋਂ ਸਾਬਕਾ ਸੈਨਿਕਾਂ ਲਈ ਭਲਾਈ ਸਕੀਮਾਂ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਦੇ ਨਿਰਦੇਸ਼



ਜਲੰਧਰ, (ਲੋਕ ਬਾਣੀ) : ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਅੱਜ ਵੱਖ-ਵੱਖ ਸਰਕਾਰੀ ਵਿਭਾਗਾਂ ਨੂੰ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਭਲਾਈ ਸਕੀਮਾਂ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਦੀ ਹਦਾਇਤ ਕੀਤੀ।
ਜ਼ਿਲ੍ਹਾ ਸੈਨਿਕ ਬੋਰਡ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਾ. ਅਗਰਵਾਲ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਸੂਬਾ ਸਰਕਾਰ ਦੀਆਂ ਸਕੀਮਾਂ ਦਾ ਲਾਭ ਯੋਗ ਸਾਬਕਾ ਸੈਨਿਕਾਂ ਤੱਕ ਬਿਨਾਂ ਕਿਸੇ ਦੇਰ ਤੋਂ ਪਹੁੰਚਣਾ ਚਾਹੀਦਾ ਹੈ। ਉਨ੍ਹਾਂ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਰਕਾਰੀ ਦਫ਼ਤਰਾਂ ਵਿੱਚ ਆਉਣ ਵਾਲੇ ਸਾਬਕਾ ਸੈਨਿਕਾਂ, ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਅਤੇ ਫੌਜੀ ਜਵਾਨਾਂ ਨੂੰ ਬਣਦਾ ਮਾਣ ਸਤਿਕਾਰ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਇਨ੍ਹਾਂ ਸੂਰਵੀਰਾਂ ਨੇ ਸਾਡੀਆਂ ਸਰਹੱਦਾਂ ਦੀ ਰਾਖੀ ਅਤੇ ਦੇਸ਼ ਦੀ ਸੁਰੱਖਿਆ ਲਈ ਆਪਣਾ ਜੀਵਨ ਸਮਰਪਿਤ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅਸੀਂ ਇਨ੍ਹਾਂ ਦਾ ਕਰਜ਼ ਕਦੇ ਨਹੀਂ ਚੁਕਾ ਸਕਦੇ, ਪਰ ਸਾਨੂੰ ਇਨ੍ਹਾਂ ਦੀਆਂ ਜ਼ਰੂਰਤਾਂ ਨੂੰ ਪਹਿਲ ਦੇਣੀ ਚਾਹੀਦੀ ਹੈ ਅਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇਨ੍ਹਾਂ ਨੂੰ ਬਣਦਾ ਸਨਮਾਨ ਮਿਲੇ।
ਡਿਪਟੀ ਕਮਿਸ਼ਨਰ ਨੇ ਸਾਬਕਾ ਸੈਨਿਕਾਂ ਦੀ ਸਹਾਇਤਾ ਲਈ ਤਿਆਰ ਵੱਖ-ਵੱਖ ਭਲਾਈ ਪਹਿਲਕਦਮੀਆਂ ਦੀ ਸਮੀਖਿਆ ਵੀ ਕੀਤੀ। ਉਨ੍ਹਾਂ ਵਿਭਾਗਾਂ ਨੂੰ ਸਕੀਮਾਂ ਲਾਗੂ ਕਰਨ ਵਿੱਚ ਕਿਸੇ ਵੀ ਰੁਕਾਵਟ ਨੂੰ ਦੂਰ ਕਰਨ ਅਤੇ ਸਾਬਕਾ ਸੈਨਿਕਾਂ ਨੂੰ ਲਾਭਾਂ ਤੱਕ ਆਸਾਨ ਪਹੁੰਚ ਪ੍ਰਦਾਨ ਕਰਨ ਦੀ ਅਪੀਲ ਕੀਤੀ।
ਮੀਟਿੰਗ ਵਿੱਚ ਜ਼ਿਲ੍ਹਾ ਸੈਨਿਕ ਭਲਾਈ ਅਫ਼ਸਰ ਕਮਾਂਡਰ ਬਲਜਿੰਦਰ ਸਿੰਘ ਵਿਰਕ, ਐਸ.ਡੀ.ਐਮਜ਼ ਸ਼ੁਭੀ ਆਂਗਰਾ, ਲਾਲ ਵਿਸ਼ਵਾਸ ਬੈਂਸ, ਰਣਦੀਪ ਸਿੰਘ ਹੀਰ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।
ਡਿਪਟੀ ਕਮਿਸ਼ਨਰ ਨੇ ਸਾਬਕਾ ਸੈਨਿਕਾਂ ਦੀਆਂ ਕੁਰਬਾਨੀਆਂ ਦੇ ਸਨਮਾਨ ਦੀ ਜਲੰਧਰ ਪ੍ਰਸ਼ਾਸਨ ਦੀ ਵਚਨਬੱਧਤਾ ਦਹੁਰਾਉਂਦਿਆਂ ਉਨ੍ਹਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਭਲਾਈ ਸੇਵਾਵਾਂ ਨੂੰ ਹੋਰ ਸੁਚਾਰੂ ਬਣਾਉਣ ਦਾ ਵਾਅਦਾ ਕੀਤਾ।

# ਖਾਲਸਾ ਕਾਲਜ ਵਿਖੇ 'ਭਵਿੱਖ ਦੇ ਕਾਰੋਬਾਰੀ ਲੋਕਾਂ' 'ਤੇ ਮੁਹਿੰਮ-ਕਮ-ਵਰਕਸ਼ਾਪ ਆਯੋਜਿਤ



ਅੰਮ੍ਰਿਤਸਰ, (ਲੋਕ ਬਾਣੀ)-ਖਾਲਸਾ ਕਾਲਜ ਦੇ ਕਾਮਰਸ ਐਂਡ ਬਿਜ਼ਨਸ ਐਡਮਿਨਿਸਟ੍ਰੇਸ਼ਨ ਵੱਲੋਂ ਜ਼ਿਲ੍ਹਾ ਰੁਜ਼ਗਾਰ ਅਤੇ ਉੱਦਮ ਬਿਊਰੋ ਅਤੇ ਪੀ. ਐਚ. ਡੀ. ਚੈਂਬਰ ਆਫ਼ ਕਾਮਰਸ ਐਂਡ ਇੰਡਸਟਰੀ ਦੇ ਸਹਿਯੋਗ ਨਾਲ 'ਭਵਿੱਖ ਦੇ ਕਾਰੋਬਾਰੀ ਲੋਕਾਂ' (ਜ਼ਿਲ੍ਹਾ ਪ੍ਰਸ਼ਾਸਨ, ਅੰਮ੍ਰਿਤਸਰ ਦੀ ਇਕ ਪਹਿਲ) 'ਤੇ ਮੁਹਿੰਮ-ਕਮ-ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਜਿਸ 'ਚ ਜ਼ਿਲ੍ਹਾ ਰੁਜ਼ਗਾਰ ਅਤੇ ਉੱਦਮ ਬਿਊਰੋ, ਅੰਮ੍ਰਿਤਸਰ ਦੇ ਡਿਪਟੀ ਸੀ. ਈ. ਓ. ਸ: ਤੀਰਥਪਾਲ ਸਿੰਘ ਨੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ।

ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਡਾ. ਅਰਵਿੰਦਰ ਕੌਰ ਕਾਹਲੋਂ ਦੇ ਉਦੇਸ਼ਾਂ 'ਤੇ ਉਕਤ ਵਰਕਸ਼ਾਪ ਡਾ. ਪੂਨਮ ਸ਼ਰਮਾ (ਵਰਕਸ਼ਾਪ ਕੋਆਰਡੀਨੇਟਰ), ਡਾ. ਨਿਧੀ ਸੱਭਰਵਾਲ, ਪ੍ਰੋ. ਮੀਨੂ ਚੋਪੜਾ ਅਤੇ ਪ੍ਰੋ. ਅਨਿੰਦਿਤਾ ਕੌਰ ਕਾਹਲੋਂ (ਵਰਕਸ਼ਾਪ ਕੋ-ਕੋਆਰਡੀਨੇਟਰ) ਦੀ ਨਿਗਰਾਨੀ ਹੇਠ ਸਫ਼ਲਤਾਪੂਰਵਕ ਆਯੋਜਿਤ ਕੀਤੀ ਗਈ।

ਇਸ ਮੌਕੇ ਸ: ਤੀਰਥਪਾਲ ਸਿੰਘ ਨੇ ਭਾਗੀਦਾਰਾਂ ਨੂੰ ਸੰਬੋਧਨ ਕਰਦਿਆਂ ਕਰੀਅਰ ਵਿਕਾਸ, ਉੱਦਮਤਾ ਅਤੇ ਹੁਨਰ ਵਿਕਾਸ ਸਬੰਧੀ ਮਾਰਗਦਰਸ਼ਨ ਦਿੱਤਾ। ਉਨ੍ਹਾਂ ਵਿਦਿਆਰਥੀਆਂ ਨੂੰ ਨਵੀਨਤਾਕਾਰੀ ਵਿਚਾਰਾਂ ਵਾਲੇ ਸਟਾਰਟਅੱਪ ਲਈ ਭਵਿੱਖ ਦੇ ਕਾਰੋਬਾਰੀਆਂ ਨਾਲ ਖ਼ੁਦ ਨੂੰ ਜੋੜਨ ਸਬੰਧੀ ਪ੍ਰੇਰਿਤ ਕੀਤਾ। ਉਨ੍ਹਾਂ ਨੇ ਛੇ ਸ਼੍ਰੇਣੀਆਂ ਬਾਰੇ ਸੰਬੋਧਨ ਕੀਤਾ ਜਿੱਥੇ ਭਾਗੀਦਾਰ ਆਪਣੇ ਆਪ ਨੂੰ ਰਜਿਸਟਰ ਕਰ ਸਕਦੇ ਹਨ।

ਇਸ ਉਪਰੰਤ ਡੀ. ਸੀ. ਦਫ਼ਤਰ ਤੋਂ ਪੱਤਰਕਾਰ ਅੰਜਨਮੀਤ ਸਿੰਘ ਬੇਦੀ ਨੇ ਅੱਜ ਦੇ ਮੁਕਾਬਲੇ ਵਾਲੇ ਕਾਰੋਬਾਰੀ ਮਾਹੌਲ 'ਚ ਨਵੀਨਤਾ, ਲੀਡਰਸ਼ਿਪ ਅਤੇ ਅਨੁਕੂਲਤਾ ਦੀ ਮਹੱਤਤਾ 'ਤੇ ਵੀ ਜ਼ੋਰ ਦਿੰਦਿਆਂ ਵਿਦਿਆਰਥੀਆਂ 'ਚ ਉੱਦਮੀ ਹੁਨਰ ਨੂੰ ਉਤਸ਼ਾਹਿਤ ਕਰਨ ਲਈ ਆਪਣੇ ਵਿਚਾਰ ਸਾਂਝੇ ਕੀਤੇ। ਇਸ ਤੋਂ ਇਲਾਵਾ ਡੀ. ਸੀ. ਦਫ਼ਤਰ ਤੋਂ ਐਮ. ਬੀ. ਏ. ਫ਼ਾਇਨਾਂਸ, ਇੰਟਰਨ ਸ੍ਰੀਮਤੀ ਅਮਾਨਤ ਸ਼ਰਮਾ ਨੇ ਵੀ ਉਕਤ ਮੋਹਰੀ ਪਹਿਲਕਦਮੀ 'ਚ ਭਾਗੀਦਾਰਾਂ ਨੂੰ ਆਪਣੇ ਨਵੀਨਤਾਕਾਰੀ ਵਿਚਾਰਾਂ ਅਤੇ ਉੱਦਮੀ ਭਾਵਨਾ ਨਾਲ ਪ੍ਰੇਰਿਤ ਕੀਤਾ।ਇਸ ਤੋਂ ਪਹਿਲਾਂ ਪ੍ਰਿੰ: ਡਾ. ਕਾਹਲੋਂ ਨੇ ਪ੍ਰੋਗਰਾਮ ਪੁੱਜੇ ਮਹਿਮਾਨਾਂ ਨੂੰ ਫੁੱਲਾਂ ਗੁਲਦਸਤਾ ਭੇਂਟ ਕਰਕੇ ਸਵਾਗਤ ਕੀਤਾ। ਉਪਰੰਤ ਵਿਭਾਗ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ 'ਫਿਊਚਰ ਟਾਈਕੂਨ' ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਇਹ ਇਕ ਪਲੇਟਫਾਰਮ ਹੈ, ਜੋ ਕਿ ਉਭਰਦੇ ਉੱਦਮੀਆਂ ਨੂੰ ਜ਼ਰੂਰੀ ਹੁਨਰ, ਗਿਆਨ ਅਤੇ ਸਲਾਹ ਨਾਲ ਲੈਸ ਕਰਕੇ ਮਾਰਗਦਰਸ਼ਨ ਲਈ ਤਿਆਰ ਕੀਤਾ ਗਿਆ ਹੈ।

ਇਸ ਮੌਕੇ ਡਾ. ਪੂਨਮ ਸ਼ਰਮਾ ਨੇ ਮਹਿਮਾਨਾਂ ਦੀ ਜਾਣ-ਪਛਾਣ ਕਰਵਾਈ ਅਤੇ ਸਵਾਗਤ ਕਰਦਿਆਂ ਵਿਦਿਆਰਥੀਆਂ ਨੂੰ ਆਪਣੇ ਰਚਨਾਤਮਕ ਕਾਰੋਬਾਰੀ ਵਿਚਾਰਾਂ ਨੂੰ ਪੇਸ਼ ਕਰਨ ਦੇ ਵੱਖ-ਵੱਖ ਮੌਕਿਆਂ ਦੇ ਸਬੰਧ 'ਚ ਸਰਕਾਰੀ ਅਧਿਕਾਰੀਆਂ ਤੋਂ ਮਾਰਗਦਰਸ਼ਨ ਅਤੇ ਸਹਾਇਤਾ ਪ੍ਰਦਾਨ ਕਰਨ 'ਚ ਮੁਹਿੰਮ-ਕਮ-ਵਰਕਸ਼ਾਪ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਜਦਕਿ ਪ੍ਰੋ. ਮੀਨੂ ਚੋਪੜਾ ਨੇ ਸਟੇਜ ਸੰਚਾਲਨ ਕੀਤਾ ਅਤੇ ਡਾ. ਨਿਧੀ ਸੱਭਰਵਾਲ ਨੇ ਧੰਨਵਾਦ ਮਤਾ ਪੇਸ਼ ਕੀਤਾ। ਵਰਕਸ਼ਾਪ 'ਚ ਲਗਭਗ 105 ਵਿਦਿਆਰਥੀਆਂ ਨੇ ਸਰਗਰਮੀ ਨਾਲ ਹਿੱਸਾ ਲਿਆ।

ਇਸ ਮੌਕੇ ਡਾ. ਸਵਰਾਜ ਕੌਰ, ਡਾ. ਅਮਿਤ ਆਨੰਦ, ਡਾ. ਦੀਪਕ ਦੇਵਗਨ, ਡਾ. ਅਜੇ ਸਹਿਗਲ, ਡਾ. ਹਰਪ੍ਰੀਤ ਕੌਰ ਮਹਿਰੋਕ, ਡਾ. ਨਵਪ੍ਰੀਤ ਕੁਲਾਰ, ਡਾ. ਸਾਮੀਆ, ਡਾ. ਏ. ਐਸ. ਭੱਲਾ, ਪ੍ਰੋ. ਸ਼ੀਤਲ ਗੁਪਤਾ ਆਦਿ ਹਾਜ਼ਰ ਸਨ।

# ਪੀ ਐਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਦੀ ਹੋਈ ਮੀਟਿੰਗ*



ਲੁਧਿਆਣਾ (ਲੋਕ ਬਾਣੀ) : ਸੁੰਦਰ ਨਗਰ ਡਵੀਜ਼ਨ ਵਿਖੇ ਪੀ ਐਸ ਈ ਬੀ ਇੰਪਲਾਈਜ ਫੈਡਰੇਸ਼ਨ ਏਟਕ ਦੀ ਡਵੀਜ਼ਨ ਪੱਧਰ ਦੀ ਮੀਟਿੰਗ ਪ੍ਰਧਾਨ ਗੁਰਪ੍ਰੀਤ ਸਿੰਘ ਮਹਿਦੂਦਾਂ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਸੂਬਾ ਡਿਪਟੀ ਜਨਰਲ ਸਕੱਤਰ ਰਛਪਾਲ ਸਿੰਘ ਪਾਲੀ ਅਤੇ ਸੀਨੀਅਰ ਆਗੂ ਸੋਬਨ ਸਿੰਘ ਠਾਕੁਰ ਉਚੇਚੇ ਤੌਰ ਤੇ ਪਹੁੰਚੇ। ਜਿਨ੍ਹਾਂ ਮੀਟਿੰਗ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਨੇ ਦੱਸਿਆ ਕਿ ਇਸ ਵਿੱਚ ਜਿੱਥੇ ਮੁਲਾਜਮਾਂ ਦੇ ਮਸਲਿਆਂ ਨੂੰ ਵਿਚਾਰਿਆ ਗਿਆ ਹੈ ਉਥੇ ਏਟਕ ਦੀ ਚੰਡੀਗੜ੍ਹ ਵਿੱਚ ਹੋਣ ਜਾ ਰਹੀ ਦੇਸ਼ ਪੱਧਰੀ ਕਾਨਫਰੰਸ ਅਤੇ ਅੱਗੇ ਹੋਣ ਵਾਲੀ ਨਵੀਂ ਚੋਣ ਬਾਰੇ ਵੀ ਚਰਚਾ ਹੋਈ ਹੈ। ਗੁਰਪ੍ਰੀਤ ਸਿੰਘ ਮਹਿਦੂਦਾਂ ਨੇ ਦੱਸਿਆ ਕਿ ਏਟਕ ਦੇ ਬਹੁਤ ਹੀ ਜੁਝਾਰੂ ਆਗੂ ਲੁਧਿਆਣਾ ਜੋਨ ਦੇ ਕਨਵੀਨਰ ਸਾਥੀ ਸਤੀਸ਼ ਕੁਮਾਰ 28 ਫਰਵਰੀ ਨੂੰ ਸੇਵਾਮੁਕਤ ਹੋਣ ਜਾ ਰਹੇ ਹਨ ਜਿਨ੍ਹਾਂ ਦੀ ਸੇਵਾਮੁਕਤੀ ਨੂੰ ਯਾਦਗਾਰੀ ਬਣਾਉਣ ਲਈ 1 ਮਾਰਚ ਨੂੰ ਐਮਸ਼ਨ ਪੈਲਸ ਮੋਤੀ ਨਗਰ ਵਿਖੇ ਵਿਦਾਇਗੀ ਪਾਰਟੀ ਰੱਖੀ ਹੈ। ਉਨ੍ਹਾਂ ਸਾਰੇ ਬਿਜਲੀ ਮੁਲਾਜਮਾਂ ਨੂੰ ਇਸ ਵਿੱਚ ਪਹੁੰਚਣ ਦਾ ਸੱਦਾ ਦਿੱਤਾ। ਇਸ ਮੌਕੇ ਦੀਪਕ ਕੁਮਾਰ, ਕਰਤਾਰ ਸਿੰਘ, ਅਮਰਜੀਤ ਸਿੰਘ, ਪ੍ਰਕਾਸ਼ ਚੰਦ, ਰਾਮ ਅਵਧ, ਹਰਫੂਲ ਮਸੀਹ, ਬਲਸ਼ੇਰ ਸਿੰਘ ਅਤੇ ਹੋਰ ਹਾਜ਼ਰ ਸਨ।


# ਡਿਪਟੀ ਕਮਿਸ਼ਨਰ ਵੱਲੋਂ ਗਰਮੀ ਰੁੱਤ ਦੇ ਸਬਜ਼ੀ ਬੀਜਾਂ ਦੀ ਕਿੱਟ ਜਾਰੀ

ਜਲੰਧਰ, (ਲੋਕ ਬਾਣੀ): ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਅੱਜ ਬਾਗਬਾਨੀ ਵਿਭਾਗ ਵੱਲੋਂ ਘਰੇਲੂ ਬਗੀਚੀ ਲਈ ਤਿਆਰ ਗਰਮੀ ਰੁੱਤ ਦੇ ਸਬਜ਼ੀ ਬੀਜਾਂ ਦੀ ਕਿੱਟ ਜਾਰੀ ਕਰਦਿਆਂ ਜ਼ਿਲ੍ਹੇ ਦੇ ਲੋਕਾਂ ਨੂੰ ਚੰਗੀ ਸਿਹਤ ਲਈ ਘਰੇਲੂ ਬਗੀਚੀ ਤਹਿਤ ਆਪਣੇ ਘਰਾਂ ਵਿਚ ਰਸਾਇਣਿਕ ਜ਼ਹਿਰਾਂ ਤੋਂ ਰਹਿਤ ਸਬਜ਼ੀਆਂ ਦੀ ਕਾਸ਼ਤ ਕਰਨ ਦਾ ਸੱਦਾ ਦਿੱਤਾ।

ਡਾ. ਅਗਰਵਾਲ ਨੇ ਕਿਹਾ ਕਿ ਚੰਗੀ ਸਿਹਤ ਲਈ ਲੋੜੀਂਦੀ ਸੰਤੁਲਿਤ ਖ਼ੁਰਾਕ ਵਿੱਚ ਸਬਜ਼ੀਆਂ ਦਾ ਖਾਸ ਮਹੱਤਵ ਹੈ, ਜੋ ਕਿ ਵਿਟਾਮਿਨ, ਮਿਨਰਲ, ਫਾਈਬਰ ਦਾ ਵਧੀਆ ਸੋਮਾ ਹਨ । ਉਨ੍ਹਾਂ ਕਿਹਾ ਕਿ ਲੋਕਾਂ ਨੂੰ ਪਰਿਵਾਰ ਦੀ ਲੋੜ ਅਨੁਸਾਰ ਆਪਣੇ ਘਰ ਵਿੱਚ ਘਰੇਲੂ ਬਗੀਚੀ ਤਹਿਤ ਸਬਜ਼ੀਆਂ ਦੀ ਰਸਾਇਣਿਕ ਜ਼ਹਿਰਾਂ ਤੋਂ ਰਹਿਤ ਕਾਸ਼ਤ ਕਰਨੀ ਚਾਹੀਦੀ ਹੈ, ਜਿਸ ਨਾਲ ਇੱਕ ਤਾਂ ਉਨ੍ਹਾਂ ਦੇ ਪੈਸੇ ਦੀ ਬੱਚਤ ਹੋਵੇਗੀ ਅਤੇ ਦੂਜਾ ਸਾਫ਼-ਸੁਥਰੀ ਅਤੇ ਤਾਜ਼ੀ ਸਬਜ਼ੀ ਦਾ ਸੇਵਨ ਕਰਨ ਨਾਲ ਸਿਹਤ ਤੰਦਰੁਸਤ ਰਹੇਗੀ ਕਿਉਂਕਿ ਸਬਜ਼ੀਆਂ ਤੋਂ ਖ਼ੁਰਾਕੀ ਤੱਤ ਭਰਪੂਰ ਮਾਤਰਾ ਵਿੱਚ ਮਿਲਦੇ ਹਨ।

ਡਾ. ਅਗਰਵਾਲ ਨੇ ਅੱਗੇ ਦੱਸਿਆ ਕਿ ਬਾਗਬਾਨੀ ਵਿਭਾਗ ਵੱਲੋਂ ਮਹੀਨਾ ਫਰਵਰੀ-ਮਾਰਚ ਦੌਰਾਨ 35,000 ਸਬਜ਼ੀ ਬੀਜ ਕਿੱਟਾਂ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਦਿੱਤੀਆਂ ਜਾ ਰਹੀਆਂ ਹਨ। ਇਹ ਕਿੱਟਾਂ ਤਿਆਰ ਕਰਨ ਲਈ ਜ਼ਿਲ੍ਹਾ ਜਲੰਧਰ ਨੂੰ ਨੋਡਲ ਏਜੰਸੀ ਵਜੋਂ ਨਿਯੁਕਤ ਕੀਤਾ ਗਿਆ ਹੈ।

ਇਸ ਮੌਕੇ ਸਹਾਇਕ ਡਾਇਰੈਕਟਰ ਬਾਗਬਾਨੀ ਜਲੰਧਰ ਡਾ. ਦਲਜੀਤ ਸਿੰਘ ਗਿੱਲ ਨੇ ਦੱਸਿਆ ਕਿ ਇਨ੍ਹਾਂ ਕਿੱਟਾਂ ਵਿੱਚ 10 ਵੱਖ-ਵੱਖ ਕਿਸਮਾਂ ਦੇ ਸਬਜ਼ੀ ਬੀਜ ਹਨ, ਜਿਨ੍ਹਾਂ ਵਿੱਚ ਭਿੰਡੀ, ਘੀਆ ਕੱਦੂ, ਖੀਰਾ, ਚੱਪਣ ਕੱਦੂ, ਘੀਆ ਤੋਰੀ, ਕਾਊਪੀਜ਼ (ਲੋਬੀਆਂ), ਟੀਂਡਾ, ਹਲਵਾ ਕੱਦੂ, ਤਰ, ਕਰੇਲਾ ਆਦਿ ਹਨ। ਇਨ੍ਹਾਂ ਦੀ ਇਸ ਸਮੇਂ ਦੌਰਾਨ ਬਿਜਾਈ ਕੀਤੀ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਇਸ ਕਿੱਟ ਨਾਲ 5-6 ਮਰਲੇ ਵਿੱਚ ਬਿਜਾਈ ਕਰਕੇ 4-5 ਪਰਿਵਾਰਕ ਮੈਂਬਰਾਂ ਦੀ ਸਬਜ਼ੀਆਂ ਦੀ ਲੋੜ ਪੂਰੀ ਕੀਤੀ ਜਾ ਸਕਦੀ ਹੈ। ਇੱਕ ਸਬਜ਼ੀ ਬੀਜ ਕਿੱਟ ਦੀ ਕੀਮਤ 80 ਰੁਪਏ ਹੈ ਅਤੇ ਇਹ ਸਬਜ਼ੀ ਬੀਜ ਕਿੱਟਾਂ ਬਾਗਬਾਨੀ ਵਿਭਾਗ



ਦੇ ਮੁੱਖ ਦਫ਼ਤਰ ਜਾਂ ਬਲਾਕਾਂ ਦੇ ਦਫ਼ਤਰਾਂ ਤੋਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ

ਇਸ ਮੌਕੇ ਬਾਗਬਾਨੀ ਵਿਕਾਸ ਅਫ਼ਸਰ ਜੋਬਨਪ੍ਰੀਤ ਸਿੰਘ ਵੀ ਮੌਜੂਦ

SHAHEED BABA NIHAL SINGH CHARITABLE HOSPITAL
Near Gurudwara Talhan, VPO-Talhan, Distt. Jalandhar, Ph. 0181-2770808
FACILITIES AVAILABLE
Ambulance Service 24hrs.
I.C.C.U. (Intensive Cardiac Care Unit), Indoor Facies Ultrasound Scan, Gyane & Obstetrical Operations, Surgierles, Neonatal ICU (Incubator Phototherapy) Well Equipped Laboratory, Nebulizer for Asthma Patients, Ortho & Spine Surgeon, Special Clinic for Skin & V.D., SIDS & HIV Patients, ECG, Dental Facilites, Eye Operations
Free Medicine for 9am to 5pm

JSDC GROUP
ਜਲੰਧਰ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ
178, ਪੁਲਿਸ ਲਾਈਨ ਰੋਡ, ਰਣਜੀਤ ਨਗਰ, ਜਲੰਧਰ - ਇੰਡੋ ਕੈਨੇਡੀਅਨ ਬੱਸ ਦਫ਼ਤਰ ਦੇ ਨੇੜੇ
ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਤੋਂ ਮਾਨਤਾ ਪ੍ਰਾਪਤ ਭਰਤੀ ਏਜੰਸੀ | ਲਾਇਸੰਸ ਨੰ: B-1303/PUN/PER/1000+/5/9437/2018
82880 21797
82880 21798
WWW.JSDCGROUP.COM
ਦੁਬਈ, ਕੁਵੈਤ ਅਤੇ ਯੂਰਪ ਦੇ ਦੇਸ਼ਾਂ ਵਿੱਚ ਵਰਕ ਪਰਮਿਟ ਦੀ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਕਾਲ ਕਰੋ ਜਾਂ ਸਾਡੇ ਫੇਸਬੁੱਕ, ਇੰਸਟਾਗ੍ਰਾਮ, ਲਿੰਕਡਇਨ, ਯੂਟਿਊਬ ਅਤੇ ਟਵਿੱਟਰ ਅਕਾਊਂਟਸ ਨੂੰ ਫਾਲੋ ਕਰੋ
JSDC GROUP - INDIA

INNOCENT HEARTS GROUP OF INSTITUTIONS
Learning Today... Leading Tomorrow !
150+ Placements In Session 2022-23
18+ MOUs with Industries
upto 100% Scholarship Schemes*
Offering 20+ Programmes
Management | Commerce | Information Technology
Hospitality | Medical Lab | Healthcare Sciences
Enroll for Session 2023-24
1800-833-4600
87250-33447
www.ihgi.in

St. Soldier GROUP OF INSTITUTIONS
SINCE 1958
EDUCATIONAL 64 YEARS EXCELLENCE
MORE THAN
• 56 Colleges & Schools • 200 Merit Positions
• 125 Companies For Placements
• 75 Academic Courses
• 2000 Placements In 2022 - 2023
• 42000 Students From All Over India
CANADIAN PATHWAY PROGRAMS
FREE BUS SERVICE FOR ALL COLLEGE STUDENTS FOR ALL ROUTES
ENGINEERING (B.Tech - M.Tech*)
• Mechanical Engg.* • Electrical Engg. • Civil Engg. • Computer Science Engg.* • Tool Engg. • B.Voc Hardware and Networking • Electronics & Comm. Engg. • Automobile Engg.
HOTEL MANAGEMENT
• B.Sc (H&HA) Hospitality and Hotel Administration • BHMCT Hotel Management & Catering Technology • BTTM Tourism and Travel Management • MHMCT Masters in Hotel Management and Catering Technology • One Year Courses (Food Production, Bakery, F&B Services, Front Office)
MANAGEMENT & COMMERCE
• MBA • BBA • B.Sc. (Cyber Security) • M.Com.(Prof.) • BCom. (Reg/Prof.)
DEGREE COURSES
• BA • B.Com. • BBA • D.C.A. • PGDCA • BCA / B.Sc. (IT)
PARAMEDICAL COURSES
• M.Pharmacy • B.Pharmacy • B. Sc. MLS • D.Pharmacy • Diploma in MLT • M.Sc MLS • Bachelor of Physiotherapy • MSC (Medical Microbiology, Biochemistry) • BSC Medical Technology - Anesthesia & Operation Theater* • BSC Operation Theater Technology* • BSC Radiology and Imaging Technology*
POLYTECHNIC DIPLOMA
IN JALANDHAR & CHABBEWAL HOSHIARPUR
• Tool & Die Making • Electronics & Comm. Engg. • Civil Engg. • Mechanical, Electrical, Computer Engg. • Automobile Engg. • Mechatronics Diploma in Polytechnic • Diploma in Architectural Assistance Ship
MEDIA & FASHION
• B.Sc. Fashion Technology • B.Sc. Mass Comm. & Journalism • B.Sc. Multimedia
INFORMATION TECHNOLOGY
• MCA • BCA • BSc.IT • PGDCA • DCA
LAW
• BA.LLB. • B.COM. LLB • BBA.LLB. • LLB
• PG DIPLOMA IN CYBER LAW
TEACHER / PHYSICAL EDUCATION
• BPES • B.Ed. • D.El.Ed. • B.P.Ed. • D.P.Ed
NURSING TRAINING
• General Nursing & Midwifery (GNM)
ARCHITECTURE
• B. Architecture
INDUSTRIAL TRAINING INSTITUTE
• Electrician • COPA • Welder • Carpenter • Plumber • Vehicle Motor Mechanic • Architecture Draftsman • Diesel Mechanic • Refrigeration & AC
/stsoldiergroup
www.stsoldiergroup.com
LATERAL ENTRY ADMISSION INTO SECOND YEAR AVAILABLE
Now ANIMATION & SOCIAL MEDIA Courses Available
CORP. OFFICE : 680-L MODEL TOWN, JALANDHAR.
M: 9814003681 | 9814003652 | 9814345025 | 9914464565